
## 1.5.5 ਪੇਜ ਬਰੇਕਸ (Page Breaks):




ਚਿੱਤਰ: 1.26

ਜਦੋਂ ਅਸੀਂ ਇੱਕ ਪੇਜ ਦੇ ਅਖੀਰ 'ਤੇ ਪਹੁੰਚਦੇ ਹਾਂ ਤਾਂ ਵਰਡ ਆਪਣੇ ਆਪ ਇੱਕ ਪੇਜ ਬ੍ਰੇਕ ਇਨਸਰਟ ਕਰ ਦਿੰਦਾ ਹੈ। ਜੇ ਅਸੀਂ ਕਿਸੇ ਹੋਰ ਜਗ੍ਹਾ ਉੱਤੇ ਪੇਜ ਬ੍ਰੇਕ ਚਾਹੁੰਦੇ ਹਾਂ ਤਾਂ ਅਸੀਂ ਇੱਕ ਮੈਨੂਅਲ ਪੇਜ ਬ੍ਰੇਕ ਪਾ ਸਕਦੇ ਹਾਂ।

### 1.5.5.1 ਪੇਜ ਬ੍ਰੇਕ ਇਨਸਰਟ ਕਰਨਾ :

1. ਅਸੀਂ ਨਵੇਂ ਪੇਜ ਨੂੰ ਜਿਸ ਜਗ੍ਹਾਂ ਤੋਂ ਸ਼ੁਰੂ ਕਰਨਾ ਚਾਹੁੰਦੇ ਹਾਂ, ਉੱਥੇ ਕਲਿੱਕ ਕਰੋ।
2. ਇਨਸਰਟ ਟੈਬ ਤੇ, ਪੇਜਜ਼ ਗਰੁੱਪ ਵਿੱਚ, ਪੇਜ ਬਰੇਕ 'ਤੇ ਕਲਿੱਕ ਕਰੋ।

**Note:**

ਅਸੀਂ ਆਪਣੇ ਡਾਕੂਮੈਂਟ ਵਿੱਚ ਬ੍ਰੇਕ ਇਨਸਰਟ ਕਰਨ ਲਈ ਇਨਸਰਟ ਟੈਬ ਦੇ ਪੇਜ ਗਰੁੱਪ ਵਿੱਚ ਪੇਜ ਬ੍ਰੇਕ 'ਤੇ ਕਲਿੱਕ ਕਰਕੇ ਕਈ ਹੋਰ ਤਰ੍ਹਾਂ ਦੀਆਂ ਪੇਜ ਅਤੇ ਸੈਕਸ਼ਨ ਬ੍ਰੇਕ ਨੂੰ ਵੀ ਆਪਣੇ ਡਾਕੂਮੈਂਟ ਵਿੱਚ ਸ਼ਾਮਲ ਕਰ ਸਕਦੇ ਹਾਂ।

ਇੱਕ ਹੋਰ ਫਾਰਮੈਟਿੰਗ ਆਪਸ਼ਨ ਹੈ Tab stops ਸੈੱਟ ਕਰਨਾ।

## 1.5.6 ਟੈਬ ਸਟਾਪਸ (Tab Stops):

ਟੈਬ ਸਟਾਪ ਬਣਾਉਣਾ ਉਦੋਂ ਸਹਾਇਕ ਹੋ ਸਕਦਾ ਹੈ ਜਦੋਂ ਬਹੁਤ ਸਾਰੇ ਡਾਕੂਮੈਂਟ ਤਿਆਰ ਕੀਤੇ ਜਾਂਦੇ ਹੋਣ, ਜਿਵੇਂ ਕਿ Flyers, ਸਮੱਗਰੀ ਦੀ ਸੂਚੀ (Table of content) ਜਾਂ ਰਿਜ਼ਿਊਮ ਬਣਾਉਣ ਸਮੇਂ। ਇਹ ਸਾਨੂੰ ਸਹੀ ਢੰਗ ਨਾਲ ਜਾਣਕਾਰੀ ਦਰਸਾਉਣ ਅਤੇ ਲੜੀਬੱਧ ਕਰਨ ਵਿੱਚ ਮਦਦ ਕਰਦੇ ਹਨ।

### 1.5.6.1 ਮੈਨੂਅਲ ਟੈਬ ਸਟਾਪ ਨੂੰ ਸੈੱਟ ਕਰਨਾ :

1. ਟੈਬ ਸਿਲੈਕਟ ਜੋਕਿ ਰੂਲਰ ਦੇ ਖੱਬੇ ਕੋਨੇ ਵਿੱਚ ਹੈ ਨੂੰ ਉਦੋਂ ਤੱਕ ਕਲਿੱਕ ਕਰੋ ਜਦੋਂ ਤੱਕ ਕਿ ਸੈੱਟ ਕਰਨ ਵਾਲੀ ਟੈਬ ਪ੍ਰਦਰਸ਼ਿਤ ਨਹੀਂ ਹੁੰਦੀ।
2. ਫਿਰ ਆਪਣੇ ਪੇਜ ਦੇ ਉੱਪਰ ਰੂਲਰ 'ਤੇ ਕਲਿੱਕ ਕਰੋ, ਜਿੱਥੇ ਅਸੀਂ ਟੈਬ ਸਟਾਪ ਸੈੱਟ ਕਰਨਾ ਚਾਹੁੰਦੇ ਹਾਂ।ਵੱਖ-ਵੱਖ ਪਰਕਾਰ ਦੀਆਂ ਟੈਬ ਸਟਾਪਸ ਹਨ :
   - **Left ਟੈਬ ਸਟਾਪ :** ਟੈਕਸਟ ਦੀ ਸ਼ੁਰੂਆਤੀ ਪੁਜੀਸ਼ਨ ਨੂੰ ਸੈੱਟ ਕਰਦੀ ਹੈ ਜੋ ਕਿ ਟਾਈਪ ਕਰਨ ਦੇ ਨਾਲ ਸੱਜੇ ਪਾਸੇ ਚਲਦੀ ਹੈ।
   - **Center ਟੈਬ ਸਟਾਪ :** ਟੈਕਸਟ ਦੇ ਸੈਂਟਰ ਨੂੰ ਨਿਰਧਾਰਤ ਕਰਦਾ ਹੈ। ਜਿਵੇਂ-ਜਿਵੇਂ ਅਸੀਂ ਟਾਈਪ ਕਰਦੇ ਹਾਂ, ਟੈਕਸਟ ਸੈੱਟ ਹੁੰਦਾ ਰਹਿੰਦਾ ਹੈ।
   - **Right ਟੈਬ ਸਟਾਪ :** ਟੈਕਸਟ ਦਾ ਸੱਜਾ ਪਾਸਾ ਸੈੱਟ ਕਰਦਾ ਹੈ। ਜਿਵੇਂ ਅਸੀਂ ਟਾਈਪ ਕਰਦੇ ਹਾਂ ਟੈਕਸਟ ਖੱਬੇ ਪਾਸੇ ਵੱਲ ਜਾਂਦਾ ਹੈ।
   - **Decimal ਟੈਬ ਸਟਾਪ :** ਇਹ ਅੰਕਾਂ ਨੂੰ ਡੈਸੀਮਲ (ਦਸ਼ਮਲਵ) ਦੇ ਨਾਲ ਅਲਾਈਨ ਕਰਦਾ ਹੈ। ਅੰਕਾਂ ਦੀ ਗਿਣਤੀ ਤੋਂ ਪਰ੍ਹੇ ਇਹ ਦਸ਼ਮਲਵ ਦੀ ਜਗ੍ਹਾ ਨਹੀਂ ਬਦਲਦਾ।
   - **Bar ਟੈਬ ਸਟਾਪ :** ਟੈਕਸਟ ਨੂੰ ਪੁਜੀਸ਼ਨ ਨਹੀਂ ਕਰਦਾ। ਇਹ ਟੈਬ ਪੁਜੀਸ਼ਨ 'ਤੇ ਇੱਕ ਵਰਟੀਕਲ ਬਾਰ ਨੂੰ ਇਨਸਰਟ ਕਰਦਾ ਹੈ।

**Note:**

ਅਸੀਂ ਮੌਜੂਦਾ ਟੈਬ ਸਟਾਪਸ ਨੂੰ ਖੱਬੇ ਜਾਂ ਸੱਜੇ ਰੂਲਰ ਦੇ ਨਾਲ ਅਲੱਗ-ਅਲੱਗ ਪੁਜੀਸ਼ਨ 'ਤੇ ਡਰੈਗ ਕਰ ਸਕਦੇ ਹਾਂ। ਟੈਬ ਸਟਾਪ ਨੂੰ ਸਿਰਫ ਇੱਕ ਕਲਿੱਕ ਅਤੇ ਡਰੈਗ 'ਤੇ ਜਿੱਥੇ ਅਸੀਂ ਚਾਹੁੰਦੇ ਹਾਂ ਉੱਥੇ ਰੱਖਿਆ ਜਾ ਸਕਦਾ ਹੈ।

### 1.5.7 ਟੈਬ ਸਟਾਪ ਨੂੰ ਕਲੀਅਰ ਕਰਨਾ :

1. ਅਸੀਂ ਵੱਖ-ਵੱਖ ਤਰੀਕਿਆਂ ਨਾਲ ਟੈਬ ਸਟਾਪ ਨੂੰ ਹਟਾ ਸਕਦੇ ਹਾਂ, ਸਭ ਤੋਂ ਅਸਾਨ ਹੈ ਰੂਲਰ 'ਤੇ ਜਾਓ। ਟੈਬ ਸਟਾਪ ਤੇ ਕਲਿੱਕ ਕਰੋ ਅਤੇ ਹੋਲਡ ਕਰੋ ਅਤੇ ਇਸ ਨੂੰ ਡਾਕੂਮੈਂਟ ਵੱਲ ਹੇਠਾਂ ਖਿੱਚੋ। ਟੈਬ ਸਟਾਪ ਹਟ ਜਾਵੇਗਾ। ਟੈਬ ਸਟੈਪ ਤੇਜ਼ੀ ਨਾਲ ਹਟਾਉਣ ਲਈ ਅਤੇ ਨਵੀਂ ਸ਼ੁਰੂਆਤ ਕਰਨ ਲਈ :
   a. ਹੋਮ ਟੈਬ ਤੇ ਕਲਿੱਕ ਕਰੋ, ਪੈਰਾਗ੍ਰਾਫ ਡਾਇਲਾਗ ਬਾਕਸ ਲਾਂਚਰ 'ਤੇ ਕਲਿੱਕ ਕਰੋ।
   b. ਇੱਕ ਪੈਰਾਗ੍ਰਾਫ ਬਾਕਸ ਦਿਖਾਈ ਦੇਵੇਗਾ, ਡਾਇਲਾਗ ਬੌਕਸ ਦੇ ਹੇਠਾਂ ਖੱਬੇ ਪਾਸੇ ਟੈਬਜ਼ ਦੇ ਬਟਨ ਤੇ ਕਲਿੱਕ ਕਰੋ।
   c. ਇੱਕ ਟੈਬ ਡਾਇਲਾਗ ਬੌਕਸ ਦਿਖਾਈ ਦੇਵੇਗਾ।
   d. ਟੈਬ ਸਟੋਪ ਪੋਜੀਸ਼ਨ ਹੇਠਾਂ ਸੂਚੀ ਵਿੱਚ, ਟੈਬ ਸਟੋਪ ਪੋਜੀਸ਼ਨ 'ਤੇ ਕਲਿੱਕ ਕਰੋ ਜੋ ਅਸੀਂ ਹਟਾਉਣਾ ਚਾਹੁੰਦੇ ਹਾਂ ਅਤੇ ਫੇਰ Clear ਤੇ ਕਲਿੱਕ ਕਰੋ। ਸਾਰੇ ਮੈਨੂਅਲ ਟੈਬ ਸਟਾਪਸ ਤੋਂ ਸਪੇਸ ਹਟਾਉਣ ਲਈ Clear All 'ਤੇ ਕਲਿੱਕ ਕਰੋ।
   e. Ok ਤੇ ਕਲਿੱਕ ਕਰੋ।

**1.6 ਇੱਕ ਡਾਕੂਮੈਂਟ ਨੂੰ ਅੰਤਿਮ ਰੂਪ ਦੇਣਾ :** ਸਾਡੇ ਕੰਮ ਨੂੰ ਪੂਰਾ ਕਰਨ ਤੋਂ ਬਾਅਦ ਸਾਨੂੰ MS-Word ਦੇ ਕੁੱਝ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਦੇ ਹੋਏ ਆਪਣੇ ਦਸਤਾਵੇਜ਼ ਨੂੰ ਅੰਤਿਮ ਰੂਪ ਦੇਣ ਦੀ ਜ਼ਰੂਰਤ ਪੈਂਦੀ ਹੈ।


### 1.6.1 "ਸਪੈੱਲ ਚੈੱਕ" ਵਿਸ਼ੇਸ਼ਤਾ ਦਾ ਇਸਤੇਮਾਲ ਕਰਨਾ :

ਜਿਵੇਂ ਅਸੀਂ ਆਪਣਾ ਡਾਕੂਮੈਂਟ ਟਾਈਪ ਕਰਦੇ ਹਾਂ, ਲਾਲ ਲਾਈਨਾਂ ਉਸਦੇ ਹੇਠਾਂ ਆ ਜਾਂਦੀਆਂ ਹਨ ਜਿਸ ਸ਼ਬਦ ਦੇ ਸਪੈਲਿੰਗ ਗਲਤ ਹਨ। ਇਹ ਗਲਤੀਆਂ ਨੂੰ ਠੀਕ ਕਰਨ ਦਾ ਸਭ ਤੋਂ ਤੇਜ਼ ਤਰੀਕਾ ਇਹ ਹੈ :

1. ਕਰਸਰ ਨੂੰ ਗਲਤ ਸਪੈਲਿੰਗ ਵਾਲੇ ਸ਼ਬਦ ਉੱਤੇ ਲੈ ਜਾ ਕੇ Right ਕਲਿੱਕ ਕਰੋ।
2. ਇੱਕ ਡਰਾਪ ਡਾਊਨ ਬਾਕਸ ਸ਼ਬਦ ਦੇ ਸਹੀ ਸਪੈਲਿੰਗ ਨਾਲ ਦਿਖਾਈ ਦੇਵੇਗਾ।
3. ਉਸ ਸ਼ਬਦ ਨੂੰ ਹਾਈਲਾਈਟ ਕਰੋ ਤੇ Left ਕਲਿੱਕ ਕਰੋ ਜਿਸ ਨਾਲ ਅਸੀਂ ਸਹੀ ਸ਼ਬਦ ਨੂੰ ਬਦਲਣਾ ਚਾਹੁੰਦੇ ਹਾਂ।

ਵਧੇਰੇ ਵਿਆਪਕ ਸੈਪਲਿੰਗ ਅਤੇ ਵਿਆਕਰਨ ਦੀ ਜਾਂਚ ਕਰਨ ਲਈ, ਅਸੀਂ ਸਪੈਲਿੰਗ ਅਤੇ ਗਰਾਮਰ (Spelling and Grammar) ਵਿਸ਼ੇਸ਼ਤਾ ਦਾ ਉਪਯੋਗ ਕਰ ਸਕਦੇ ਹਾਂ।

1. Review ਟੈਬ 'ਤੇ ਕਲਿੱਕ ਕਰੋ।
2. ਸਪੈਲਿੰਗ ਅਤੇ ਗਰਾਮਰ ਕਮਾਂਡ 'ਤੇ ਕਲਿੱਕ ਕਰੋ।
3. ਇੱਕ Spelling & Grammar ਬਾਕਸ ਦਿਖਾਈ ਦੇਵੇਗਾ।
4. ਅਸੀਂ ਬਾਕਸ ਦੇ ਅੰਦਰ ਕੋਈ ਸਪੈਲਿੰਗ ਜਾਂ ਗ੍ਰਾਮਰ ਦੇ ਮੁੱਦੇ ਨੂੰ ਠੀਕ ਕਰ ਸਕਦੇ ਹਾਂ।




ਚਿੱਤਰ: 1.27

## 1.7 ਪ੍ਰਿੰਟ ਪਰੀਵਿਊ (Print Preview) :

ਜਦੋਂ ਅਸੀਂ ਪ੍ਰਿੰਟ ਟੈਬ 'ਤੇ ਕਲਿੱਕ ਕਰਦੇ ਹਾਂ ਤਾਂ ਪ੍ਰਿੰਟ ਪਰੀਵਿਊ ਆਪਣੇ ਆਪ ਦਿਖਾਈ ਦਿੰਦਾ ਹੈ। ਜਦੋਂ ਅਸੀਂ ਪ੍ਰਿੰਟ-ਸੰਬੰਧੀ ਸੈਟਿੰਗ ਵਿੱਚ ਬਦਲਾਵ ਕਰਾਂਗੇ, ਤਾਂ ਪਰੀਵਿਊ ਆਪਣੇ ਆਪ ਹੋ ਜਾਂਦਾ ਹੈ। ਆਪਣੇ ਤਿਆਰ ਕੀਤੇ ਡਾਕੂਮੈਟ ਦਾ ਪ੍ਰਿੰਟ ਪਰੀਵਿਊ ਦੇਖਣ ਲਈ ਹੇਠ ਲਿਖੇ ਕਦਮ ਅਪਣਾਓ :


1. ਫਾਈਲ ਟੈਬ ਤੇ ਕਲਿੱਕ ਕਰੋ ਅਤੇ ਫਿਰ ਪ੍ਰਿੰਟ ਤੇ ਕਲਿੱਕ ਕਰੋ। ਜਾਂ Ctrl+F2 ਨੂੰ ਦਬਾਓ। ਆਪਣੇ ਡਾਕੂਮੈਟ ਤੇ ਵਾਪਸ ਜਾਣ ਲਈ, ਫਾਈਲ ਟੈਬ ਤੇ ਕਲਿੱਕ ਕਰੋ।
2. ਸਾਡੇ ਡਾਕੂਮੈਟ ਦਾ ਪ੍ਰੀਵਿਊ ਆਪਣੇ ਆਪ ਦਿਖਾਈ ਦਿੰਦਾ ਹੈ। ਹਰੇਕ ਪੰਨੇ ਨੂੰ ਵੇਖਣ ਲਈ ਪਰੀਵਿਊ ਦੇ ਹੇਠਾਂ ਐਰੋ ਤੇ ਕਲਿੱਕ ਕਰੋ।

## 1.8 ਪ੍ਰਿੰਟ (Print Command) :

Print ਟੈਬ ਉਹ ਜਗ੍ਹਾ ਹੈ ਜਿੱਥੇ ਅਸੀਂ ਉਹ ਚੀਜ਼ਾਂ ਪ੍ਰਿੰਟ ਕਰ ਸਕਦੇ ਹਾਂ ਜੋ ਅਸੀਂ ਚਾਹੁੰਦੇ ਹਾਂ।

1. ਫਾਈਲ ਟੈਬ ਤੇ ਕਲਿੱਕ ਕਰੋ।
2. ਇੱਕ ਡਾਕੂਮੈਟ ਨੂੰ ਪ੍ਰਿੰਟ ਕਰਨ ਲਈ ਪ੍ਰਿੰਟ ਕਮਾਂਡ 'ਤੇ ਕਲਿੱਕ ਕਰੋ।
3. ਆਪਣਾ ਡਾਕੂਮੈਂਟ ਪਰਿੰਟ ਕਰਨ ਲਈ ਪ੍ਰਿੰਟ ਬਟਨ 'ਤੇ ਕਲਿੱਕ ਕਰੋ।
4. ਇਹ ਡਰਾਪ ਡਾਊਨ ਚੁਣੇ ਹੋਏ ਪ੍ਰਿੰਟ ਨੂੰ ਦਿਖਾਉਂਦਾ ਹੈ। ਡਰੌਪ ਡਾਊਨ ਨੂੰ ਕਲਿੱਕ ਕਰਨ ਨਾਲ ਹੋਰ ਉਪਲਬਧ ਪ੍ਰਿੰਟਰ ਦਿਖਾਈ ਦੇਣਗੇ।

5. ਇਹ ਡਰਾਪਡਾਊਨ ਮੀਨੂੰ ਵਿੱਚ ਚੁਣੀਆਂ ਹੋਈਆਂ ਸੈਟਿੰਗਜ਼ ਹਨ। ਸਾਨੂੰ ਸਿਰਫ ਇੱਕ ਵਿਸ਼ੇਸ਼ਤਾ ਦਾ ਨਾਮ ਵਿਖਾਉਣ ਦੀ ਬਜਾਏ, ਇਹ ਮੀਨੂੰ ਸਾਨੂੰ ਹਰੇਕ ਵਿਸ਼ੇਸ਼ਤਾ ਬਾਰੇ ਦੱਸਦਾ ਹੈ ਅਤੇ ਇਸਦਾ ਵਰਨਣ ਕਰਦਾ ਹੈ। ਇਹ ਸਾਡੀ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਕੀ ਅਸੀਂ ਆਪਣੀ ਸੈਟਿੰਗ ਨੂੰ ਬਦਲਣਾ ਚਾਹੁੰਦੇ ਹਾਂ।




ਚਿੱਤਰ: 1.28

## 1.8 ਐੱਮ ਐੱਸ ਪਾਵਰਪੁਆਇੰਟ :

ਮਾਈਕਰਸੌਫਟ ਪਾਵਰਪੁਆਇੰਟ ਇੱਕ ਪ੍ਰੇਜ਼ਨਟੇਸ਼ਨ ਟੂਲ ਹੈ ਜੋ ਕਿ ਟੈਕਸਟ, ਸ਼ੇਪਸ, ਗ੍ਰਾਫਿਕਸ ਤਸਵੀਰਾਂ ਅਤੇ ਮਲਟੀਮੀਡੀਆ ਨੂੰ ਹੋਰ ਮਾਈਕਰੋਸਾਫਟ ਆਫਿਸ ਜਿਵੇਂ ਕਿ ਐਕਸਲ ਟੂਲ ਦੇ ਨਾਲ ਜੋੜਦਾ ਹੈ। ਬਾਈ ਡਿਫਾਲਟ Power Point 2010 ਵਿੱਚ ਸੇਵ ਕੀਤੇ ਡਾਕੂਮੈਂਟ pptx ਐਕਸਟੈਨਸ਼ਨ ਨਾਲ ਸੇਵ ਕੀਤੇ ਜਾਂਦੇ ਹਨ ਜਦਕਿ ਪੁਰਾਣੇ ਪਾਵਰਪੁਆਇੰਟ ਵਰਜਨ ਦਾ ਫਾਈਲ ਐਕਸਟੈਨਸ਼ਨ ppt ਹੈ। ਪਾਵਰ ਪੁਆਇੰਟ ਸਾਨੂੰ ਦਫਤਰੀ ਮੀਟਿੰਗਾਂ, ਭਾਸ਼ਣਾਂ ਅਤੇ ਸੈਮੀਨਾਰਾਂ ਵਿੱਚ ਘੱਟੋ-ਘੱਟ ਸਮੇਂ ਵਿੱਚ ਵੱਧ ਤੋਂ ਵੱਧ ਪ੍ਰਭਾਵ ਪਾਉਣ ਲਈ ਜਾਣਕਾਰੀ ਪੇਸ਼ ਕਰਨ ਦੇ ਯੋਗ ਬਣਾਉਂਦਾ ਹੈ।

### 1.8.1 ਪਾਵਰਪੁਆਇੰਟ ਵਿੱਚ ਬੈਕਗ੍ਰਾਉਂਡ :

ਅਸੀ ਸਾਰੇ ਜਾਣਦੇ ਹਾਂ ਕਿ ਪਾਵਰ ਪੁਆਇੰਟ ਇੱਕ ਡਿਜ਼ਾਇਨ ਆਧਾਰਿਤ ਪ੍ਰੋਗਰਾਮ ਹੈ। ਪਾਵਰਪੁਆਇੰਟ ਦੇ ਥੀਮ ਡਿਫਾਲਟ ਰੂਪ ਵਿੱਚ ਬੈਕਗ੍ਰਾਉਂਡ ਚੁਣਨ ਵਿੱਚ ਸਾਡੀ ਮਦਦ ਕਰਦੇ ਹਨ, ਇਸ ਲਈ ਜਦੋਂ ਵੀ ਅਸੀਂ ਥੀਮ ਬਦਲਦੇ ਹਾਂ, ਡਿਫਾਲਟ ਬੈਕਗ੍ਰਾਉਂਡ ਆਪਣੇ-ਆਪ ਹੀ ਸੈੱਟ ਹੋ ਜਾਂਦਾ ਹੈ। ਥੀਮ ਵਿੱਚ ਸਿਰਫ ਬੈਕਗਰਾਉਂਡ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੁੰਦਾ ਹੈ।





ਚਿੱਤਰ: 1.29

ਥੀਮ ਰੰਗਾਂ, ਫੌਂਟਸ, ਇਫੈਕਟਸ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦਾ ਇੱਕ ਸੈੱਟ ਹੈ ਜੋ ਇਸ ਨੂੰ ਇੱਕਸਾਰ ਪਰੋਫੈਸ਼ਨਲ ਦਿੱਖ ਦੇਣ ਲਈ ਸਾਡੀ ਸਾਰੀ ਪ੍ਰਾਜ਼ੇਨਟੇਸ਼ਨ ਤੇ ਲਾਗੂ ਕੀਤਾ ਜਾ ਸਕਦਾ ਹੈ। ਅਸੀਂ ਡਿਜ਼ਾਇਨ ਰਿਬਨ 'ਤੇ ਕਲਿੱਕ ਕਰਕੇ ਕੋਈ ਵੀ ਥੀਮ ਲਾਗੂ ਕਰ ਸਕਦੇ ਹਾਂ।

ਪਾਵਰਪੁਆਇੰਟ ਵਿੱਚ ਬੈਕਰਾਊਂਡ ਨੂੰ ਲਾਗੂ ਕਰਨ ਲਈ ਕਦਮ ਇਸ ਪ੍ਰਕਾਰ ਹਨ :

1. ਡਿਜ਼ਾਈਨ ਰਿਬਨ ਵਿੱਚ, ਬੈਕਗ੍ਰਾਉਂਡ ਗਰੁੱਪ ਦੇ ਹੇਠਾਂ, ਬੈਕਰਾਊਂਡ ਸਟਾਈਲ ਕਮਾਂਡ ਤੇ ਕਲਿੱਕ ਕਰੋ।
2. ਆਪਣੀ ਲੋੜ ਦੇ ਅਨੁਸਾਰ, ਬੈਕਗ੍ਰਾਉਂਡ ਸਟਾਈਲ ਵਿੱਚੋਂ ਕੋਈ ਇੱਕ ਚੁਣੋ।





ਚਿੱਤਰ: 1.30

1. ਕਿਸੇ ਖਾਸ ਸਲਾਈਡ ਲਈ ਬੈਕਗ੍ਰਾਊਂਡ ਨੂੰ ਐਡਿਟ ਕਰਨ ਲਈ, ਲੋੜੀਂਦੀ ਬੈਕਗਰਾਊਂਡ ਦੀ ਸਲਾਈਡ ਤੇ ਰਾਈਟ ਕਲਿੱਕ ਕਰੋ ਅਤੇ Apply to selected slides ਨੂੰ ਚੁਣੋ।

2. ਚੁਣੀ ਗਈ ਸਲਾਈਡ ਜਾਂ ਸਲਾਈਡਾਂ ਵਿੱਚ ਹੁਣ ਨਵੀਂ ਬੈਕਗਰਾਊਂਡ ਲਾਗੂ ਹੋ ਜਾਵੇਗੀ।

**ਨੋਟ:**

ਸਲਾਈਡ ਬੈਕਗਰਾਊਂਡ ਵਿੱਚ ਗ੍ਰਾਫਿਕਸ ਸਾਨੂੰ ਅਸਲ ਕੰਟੈਂਟ ਤੋਂ ਵੱਖ ਕਰ ਸਕਦਾ ਹੈ, ਅਜਿਹੇ ਮਾਮਲਿਆਂ ਵਿੱਚ ਅਸੀਂ ਗਰਾਫਿਕਸ ਨੂੰ ਛੁਪਾ ਸਕਦੇ ਹਾਂ ਅਤੇ ਸਾਦਾ ਬੈਕਗਰਾਊਂਡ ਬਰਕਰਾਰ ਰੱਖ ਸਕਦੇ ਹਾਂ ਜਦੋਂ ਤੱਕ ਅਸੀਂ ਕੰਟੈਂਟ ਤੇ ਕੰਮ ਖਤਮ ਨਹੀਂ ਕਰਦੇ। ਅਜਿਹਾ ਕਰਨ ਲਈ, ਸਲਾਈਡ ਦੀ ਚੋਣ ਕਰੋ ਅਤੇ Hide Background Graphics" ਚੈੱਕਬਾਕਸ ਨੂੰ ਸਿਲੈਕਟ ਕਰੋ।





ਚਿੱਤਰ: 1.31

## 1.9.2 ਪਾਵਰਪੁਆਇੰਟ ਵਿੱਚ ਟਰਾਂਜੀਸ਼ਨ :

ਪਾਵਰ ਪੁਆਇੰਟ ਸਲਾਈਡ ਟਰਾਂਜੀਸ਼ਨ ਵਿਸ਼ੇਸ਼ਤਾ ਨੂੰ ਸਪੋਰਟ ਕਰਦੀ ਹੈ ਜੋ ਸਾਨੂੰ ਸਲਾਈਡ ਸ਼ੋਅ ਦੇ ਦੌਰਾਨ ਸਲਾਈਡਾਂ ਦੀ ਤਬਦੀਲੀ ਕਰਨ ਬਾਰੇ ਆਗਿਆ ਦਿੰਦਾ ਹੈ।


ਪਾਵਰ ਪੁਆਇੰਟ ਪ੍ਰੇਜਨਟੇਸ਼ਨ ਜਿਸ ਵਿੱਚ ਹਰੇਕ ਸਲਾਈਡ ਦੇ ਦਰਮਿਆਨ ਸਪੈਸ਼ਲ ਇਫੈਕਟ ਹਨ, ਉਹ ਇਫੈਕਟ ਸਲਾਈਡ ਟ੍ਰਾਂਜੀਸ਼ਨ ਹਨ। ਇੱਕ ਟ੍ਰਾਂਜੀਸ਼ਨ ਸਾਧਾਰਨ ਸਲਾਈਡ flashy effect ਤੋਂ ਲੈ ਕੇ ਗੁੰਝਲਦਾਰ ਫਲੈਸ਼ੀ ਇਫੈਕਟ ਵੀ ਹੋ ਸਕਦੀ ਹੈ। ਇਸ ਦਾ ਮਤਲਬ ਇਹ ਹੈ ਕਿ ਅਸੀਂ ਕਿਸੇ ਪ੍ਰੈਜ਼ਨਟੇਸ਼ਨ ਦੇ ਸਟਾਈਲ ਮੁਤਾਬਕ ਕਿਸੇ ਵੀ ਟ੍ਰਾਂਜੀਸ਼ਨ ਦੀ ਚੋਣ ਕਰ ਸਕਦੇ ਹਾਂ। ਟ੍ਰਾਂਜੀਸ਼ਨ ਦੀ ਚੋਣ ਕਰਨ ਲਈ ਤਿੰਨ ਸ੍ਰੇਣੀਆਂ ਹਨ ਜਿਹੜੀਆਂ ਕਿ Transition Tab 'ਤੇ ਮੌਜੂਦ ਹੁੰਦੀਆਂ ਹਨ :

- Subtle (slight transitions)





ਚਿੱਤਰ: 1.32

- Exciting (strong transitions)




ਚਿੱਤਰ: 1.33


- **Dynamic Content:** (strong transitions ਜੋ ਸਿਰਫ Content ਤੇ ਪ੍ਰਭਾਵ ਪਾਉਂਦੀ ਹੈ, ਜਿਵੇਂ ਕਿ ਟੈਕਸਟ ਜਾਂ ਚਿੱਤਰ)




ਚਿੱਤਰ1.34

ਸਲਾਈਡ ਟ੍ਰਾਂਜੀਸ਼ਨਜ਼ ਨੂੰ ਲਾਗੂ ਕਰਨ ਅਤੇ ਦੇਖਣ ਦੇ ਕਦਮ ਇਸ ਤਰ੍ਹਾਂ ਹਨ :

1. ਉਸ ਸਲਾਈਡ ਦੀ ਚੋਣ ਕਰੋ ਜਿਸ ਵਿੱਚ ਅਸੀਂ Transitions ਲਾਗੂ ਕਰਨਾ ਚਾਹੁੰਦੇ ਹਾਂ।
2. ਟ੍ਰਾਂਜੀਸ਼ਨ ਰਿਬਨ ਵਿੱਚ Transitions ਸਕੀਮ ਤੇ ਜਾਓ।
3. ਉਪਲਬੱਧ ਸੂਚੀ ਵਿੱਚੋ ਇੱਕ Transitions ਸਕੀਮ ਦੀ ਚੋਣ ਕਰੋ। ਪਾਵਰ ਪੁਆਇੰਟ ਸਾਨੂੰ ਇਸ ਸਕੀਮ ਦਾ ਇੱਕ preview ਉਸੇ ਸਮੇਂ ਦਿਖਾਏਗਾ। ਜੇਕਰ ਅਸੀਂ ਸੰਤੁਸ਼ਟ ਨਹੀਂ ਹਾਂ, ਤਾਂ ਅਸੀਂ ਦੂਜੀ Transitions ਸਕੀਮ ਚੁਣ ਸਕਦੇ ਹਾਂ। ਆਖਰੀ ਚੁਣੀ ਸਕੀਮ ਸਲਾਈਡ 'ਤੇ ਲਾਗੂ ਹੋਵੇਗੀ।
4. ਅਸੀਂ ਈਫੈਕਟ ਆਪਸ਼ਨ ਮੀਨੂੰ ਵਿੱਚ ਚੁਣੀ ਹੋਈ Transitions ਸਕੀਮ ਦੇ effect ਨੂੰ ਬਦਲ ਸਕਦੇ ਹਾਂ। ਹਰ ਸਕੀਮ ਵਿੱਚ ਆਪਣਾ effect options ਦਾ ਇੱਕ ਸੈੱਟ ਹੁੰਦਾ ਹੈ।





ਚਿੱਤਰ: 1.35

5. ਅਸੀਂ Timing Section ਵਿੱਚ ਟ੍ਰਾਂਜੀਸ਼ਨ ਟਾਈਮਿੰਗ ਸੈਟਿੰਗਜ਼ ਨੂੰ ਵੀ ਬਦਲ ਸਕਦੇ ਹਾਂ।
6. ਸਲਾਈਡ Transitions ਦਾ preview ਦੇਖਣ ਲਈ preview ਤੇ ਕਲਿੱਕ ਕਰੋ।

### 1.9.3 ਐੱਮ ਐੱਸ ਪਾਵਰ-ਪੁਆਇੰਟ ਵਿੱਚ ਐਨੀਮੇਸ਼ਨ :

ਐਨੀਮੇਸ਼ਨ ਪਾਵਰ ਪੁਆਇੰਟ ਪ੍ਰੇਜ਼ਨਟੇਸ਼ਨ ਨੂੰ ਵਧੇਰੇ ਗਤੀਸ਼ੀਲ ਬਣਾਉਣ ਵਿੱਚ ਅਤੇ ਜਾਣਕਾਰੀ ਨੂੰ ਹੋਰ ਯਾਦਗਾਰ ਬਣਾਉਣ ਵਿੱਚ ਸਾਡੀ ਮਦਦ ਕਰਦੀ ਹੈ। ਐਨੀਮੇਸ਼ਨ ਦੇ ਪ੍ਰਭਾਵਾਂ ਵਿੱਚ ਸਭ ਤੋਂ ਆਮ ਕਿਸਮਾਂ ਵਿੱਚ ਸ਼ਾਮਲ ਹਨ entrances ਅਤੇ exits. ਅਸੀਂ ਆਪਣੇ ਐਨੀਮੇਸ਼ਨ effect ਦੇ ਪ੍ਰਭਾਵਾ ਨੂੰ ਵਧਾਉਣ ਲਈ ਇਸ ਵਿੱਚ ਅਵਾਜ਼ ਵੀ ਦਾਖਲ ਕਰ ਸਕਦੇ ਹਾਂ। Text ਜਾਂ Object ਤੇ ਐਨੀਮੇਸ਼ਨ ਲਾਗੂ ਕਰਨ ਲਈ ਹੇਠਾਂ ਦਿੱਤੇ ਕਦਮ ਅਪਣਾਓ :

1. Text ਜਾਂ Object ਗਰੁੱਪ ਨੂੰ ਚੁਣੋ ਜੋ ਅਸੀਂ ਐਨੀਮੇਟ ਕਰਨਾ ਚਾਹੁੰਦੇ ਹਾਂ।
2. ਐਨੀਮੇਸ਼ਨ ਗਰੁੱਪ ਵਿੱਚ, ਐਨੀਮੇਸ਼ਨ ਟੈਬ ਤੇ ਜਾਓ ਅਤੇ ਗੈਲਰੀ ਵਿੱਚੋ ਐਨੀਮੇਸ਼ਨ ਇਫੈਕਟ 'ਤੇ ਕਲਿੱਕ ਕਰੋ ਜਾਂ ਹੋਰ ਆਪਸ਼ਨਾਂ ਦੇਖਣ ਲਈ ਹੋਰ ਐਰੋਜ਼ 'ਤੇ ਕਲਿੱਕ ਕਰੋ।




ਚਿੱਤਰ: 1.36


**ਨੋਟ:**

ਗੈਲਰੀ ਵਿੱਚ, entrance effect ਵਾਲੇ ਆਈਕਨ ਹਰੇ ਰੰਗ ਦੇ ਹੁੰਦੇ ਹਨ। emphasis effects ਵਾਲੇ ਆਈਕਨ ਪੀਲੇ ਰੰਗ ਦੇ ਹੁੰਦੇ ਹਨ ਅਤੇ exit effect ਵਾਲੇ ਆਈਕਨ ਲਾਲ ਰੰਗ ਦੇ ਹੁੰਦੇ ਹਨ।

3. ਸਾਡੇ ਚੁਣੇ ਹੋਏ Text ਤੇ ਐਨੀਮੇਸ਼ਨ ਨੂੰ ਬਦਲਣ ਲਈ effect option ਨੂੰ ਚੁਣੋ। ਅਤੇ ਫਿਰ ਉਸ ਤੇ effect ਕਲਿੱਕ ਕਰੋ ਜੋ ਅਸੀਂ ਐਨੀਮੇਸ਼ਨ ਨੂੰ ਦੇਣਾ

**ਨੋਟ:**

ਸਾਰੇ ਐਨੀਮੇਸ਼ਨ effect ਇੱਕੋ ਤਰਾਂ ਦੇ ਇਫੈਕਟ ਮੁਹੱਈਆ ਨਹੀਂ ਕਰਦੇ।




ਚਿੱਤਰ: 1.37


4. ਐਨੀਮੇਸ਼ਨ ਟੈਬ ਤੇ, effect ਦਾ ਸਮਾਂ ਨਿਰਧਾਰਤ ਕਰਨ ਲਈ ਟਾਈਮਿੰਗ ਗਰੁੱਪ ਵਿੱਚ ਕਮਾਂਡਜ਼ ਦੀ ਵਰਤੋਂ ਕਰੋ।

## 1.9.4 ਐੱਮ. ਐੱਸ. ਪਾਵਰ-ਪੁਆਇੰਟ ਵਿੱਚ ਸਲਾਈਡ-ਸ਼ੋਅ :

ਆਪਣੇ ਸਲਾਈਡ ਸ਼ੋਅ ਨੂੰ ਪੇਸ਼ ਕਰਨ ਲਈ, ਸਾਨੂੰ ਇਸਦੀ ਸ਼ੁਰੂਆਤ ਕਰਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਪਾਵਰ-ਪੁਆਇੰਟ ਸਾਡੀ ਪਹਿਲੀ ਸਲਾਈਡ ਜਾਂ ਸਲਾਈਡ ਸ਼ੋਅ ਦੇ ਅੰਦਰ ਕਿਸੇ ਵੀ ਸਲਾਈਡ ਤੋਂ ਸਲਾਈਡ ਸ਼ੋਅ ਸ਼ੁਰੂ ਕਰਨ ਦੀ ਆਗਿਆ ਦਿੰਦਾ ਹੈ। ਇੱਕ ਵਾਰ ਸਲਾਈਡ ਸ਼ੋਅ ਸ਼ੁਰੂ ਹੋਣ ਤੋਂ ਬਾਅਦ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਵੇਂ ਸਲਾਈਡਾਂ ਤੇ ਅੱਗੇ ਵੱਧਣਾ ਹੈ।


### ਸਲਾਈਡ ਸ਼ੋਅ ਸ਼ੁਰੂ ਕਰਨਾ :

1. ਸਲਾਈਡ-ਸ਼ੋਅ ਟੈਬ ਦੀ ਚੋਣ ਕਰੋ।
2. ਸਲਾਈਡ-ਸ਼ੋਅ ਨੂੰ ਪਹਿਲੀ ਸਲਾਈਡ ਤੋਂ ਸੁਰੂ ਕਰਨ ਲਈ, ਗਰੁੱਪ ਵਿੱਚੋਂ, ਕਮਾਂਡ ਦੀ ਵਰਤੋਂ ਕਰੋ।




ਚਿੱਤਰ 1.38

ਅਸੀਂ ਜਿਸ ਤੋਂ ਸਲਾਈਡ ਸ਼ੋਅ ਸ਼ੁਰੂ ਕਰਨਾ ਚਾਹੁੰਦੇ ਹਾਂ ਉਸ ਨੂੰ start slide show group ਵਿੱਚੋਂ from current slide ਤੇ ਕਲਿੱਕ ਕਰਕੇ ਚੁਣ ਸਕਦੇ ਹਾਂ। ਇਹ Option ਉਸ ਸਮੇਂ ਸੁਵਿਧਾਜਨਕ ਹੈ ਜੇ ਅਸੀਂ ਕੁਝ ਸਲਾਈਡਾਂ ਨੂੰ ਵੇਖਣਾ ਜਾਂ ਪੇਸ਼ ਕਰਨਾ ਚਾਹੁੰਦੇ ਹਾਂ।ਸਲਾਈਡ ਸ਼ੋਅ ਦੀ ਸ਼ੁਰੂਆਤ ਕਰਨ ਦਾ ਦੂਜਾ Option ਵਿੰਡੋ ਦੇ ਹੇਠਾਂ ਸਥਿਤੀ ਸਟੇਟਸ ਬਾਰ ਉੱਤੇ ਸੱਜੇ ਪਾਸੇ Slide show view ਉੱਤੇ ਕਲਿੱਕ ਕਰਨਾ ਹੈ:




ਚਿੱਤਰ 1.39

ਇੱਕ ਸਲਾਈਡ ਸ਼ੋਅ ਨੂੰ ਰੋਕਣ ਜਾਂ ਖਤਮ ਕਰਨ ਲਈ ਅਸੀਂ ਪ੍ਰੇਜ਼ਨਟੇਸ਼ਨ ਖਤਮ ਕਰਨ ਲਈ ਆਪਣੇ ਕੀਬੋਰਡ ਤੋਂ ESC ਕੀਜ਼ ਦਬਾ ਸਕਦੇ ਹਾਂ। ਪਾਵਰ ਪੁਆਇੰਟ ਵਿੱਚ ਸਲਾਈਡ ਸ਼ੋਅ ਦੀ ਸੈਟਿੰਗ ਅਤੇ ਚਲਾਉਣ ਲਈ ਕਈ ਆਪਸ਼ਨਾਂ ਮੌਜੂਦ ਹਨ। ਅਸੀਂ ਇੱਕ ਆਟੋਮੈਟਿਕ ਪ੍ਰੇਜਨਟੇਸ਼ਨ ਬਣਾ ਸਕਦੇ ਹਾਂ ਜੋ ਇੱਕ ਕਿਊਸਕ ਕਾਊਟਰ ਤੇ ਪ੍ਰਦਰਸ਼ਿਤ ਕੀਤੀ ਜਾ ਸਕਦੀ ਹੈ ਅਤੇ ਨਿਰੰਤਰ ਲੂਪਿੰਗ ਨਾਲ ਸਾਡੀ ਸਲਾਈਡ ਸ਼ੋਅ ਨੂੰ ਦੁਹਰਾਉਂਦੀ ਹੈ।


ਸਲਾਈਡ ਸ਼ੋਅ ਸੈੱਟਅੱਪ ਆਪਸ਼ਨ ਤੱਕ ਪਹੁੰਚ ਕਰਨ ਲਈ :

1. ਸਲਾਈਡ ਸ਼ੋਅ ਟੈਬ ਚੁਣੋ।
2. ਸੈੱਟ ਅੱਪ ਸ਼ੋਅ ਕਮਾਂਡ ਤੇ ਕਲਿੱਕ ਕਰੋ।




ਚਿੱਤਰ 1.40

3. ਸੈੱਟ ਅੱਪ ਸ਼ੋਅ ਡਾਇਲਾਗ ਬਾਕਸ ਦਿਖਾਈ ਦੇਵੇਗਾ। ਸਲਾਈਡ ਸ਼ੋਅ ਦੀ ਸੈਟਿੰਗ ਅਤੇ ਚਲਾਉਣ ਲਈ ਉਪਲਬੱਧ ਆਪਸ਼ਨਾਂ ਵਿੱਚੋਂ ਕਿਸੇ ਬਟਨ ਤੇ ਕਲਿੱਕ ਕਰੋ।




ਚਿੱਤਰ 1.41

4. ਸਲਾਈਡ ਸ਼ੋਅ ਦੀ ਸੈਟਿੰਗਜ਼ ਨੂੰ ਲਾਗੂ ਕਰਨ ਲਈ Ok 'ਤੇ ਕਲਿੱਕ ਕਰੋ।

## 1.10 ਪ੍ਰੈਜ਼ਨਟੇਸ਼ਨ ਨੂੰ ਸੇਵ ਕਰਨਾ :

ਸੇਵ ਆਪਸ਼ਨ ਸਾਨੂੰ ਨਵੀਂ ਫਾਈਲ ਜਾਂ ਮੌਜੂਦਾ ਫਾਈਲ ਨੂੰ ਸਟੈਂਡਰਡ ਫਾਰਮੇਟ (.pptx ਫਾਰਮੈਟ) ਵਿੱਚ ਸੇਵ ਕਰਨ ਦੀ ਆਗਿਆ ਦਿੰਦਾ ਹੈ। ਜੇਕਰ ਅਸੀਂ ਪਿਛਲੀ ਸੇਵ ਕੀਤੀ ਫਾਈਲ ਤੇ ਕੰਮ ਕਰ ਰਹੇ ਹਾਂ ਤਾਂ ਇਹ ਬਦਲਾਵ ਫੌਰਮੈਟਸ ਨੂੰ ਉਸੇ ਫਾਈਲ ਫੌਰਮੈਟ ਵਿੱਚ ਸੇਵ ਕਰੇਗਾ। ਜੇ ਅਸੀਂ ਇੱਕ ਨਵੀਂ ਫਾਈਲ ਤੇ ਕੰਮ ਕਰ ਰਹੇ ਹਾਂ, ਇਹ ਕਮਾਂਡ ਸੇਵ ਐਸ ਕਮਾਂਡ ਦੇ ਸਮਾਨ ਹੈ।

### 1.10.1 ਪ੍ਰੈਜਨਟੇਸ਼ਨ ਨੂੰ PDF ਫਾਈਲ ਵਜੋਂ ਸੇਵ ਕਰਨਾ :

ਜਿਵੇਂ ਕਿ ਅਸੀਂ ਜਾਣਦੇ ਹਾਂ ਪਾਵਰ ਪੁਆਇੰਟ ਨੂੰ ਪ੍ਰੇਜ਼ਨਟੇਸ਼ਨ ਬਣਾਉਣ ਲਈ ਵਰਤਿਆ ਜਾਂਦਾ ਹੈ, ਜਦੋਂ ਇਸ ਦਾ Content Save ਕਰਦੇ ਹਾਂ ਤਾਂ ਇਹ ਵੱਖ-ਵੱਖ ਫਾਈਲ ਕਿਸਮਾਂ ਦਾ ਸਮਰਥਨ ਕਰਦਾ ਹੈ। ਪੀਡੀਐਫ ਫਾਇਲ ਦੀ ਵਰਤੋਂ ਨਾਲ ਸਲਾਈਡਾਂ ਨੂੰ ਸੇਵ ਕਰਨ ਦਾ ਇੱਕ ਵਧੀਆ ਤਰੀਕਾ ਹੋ ਸਕਦਾ ਹੈ।

**ਪੀਡੀਐਫ ਫਾਈਲ ਦੇ ਤੌਰ 'ਤੇ ਪ੍ਰੇਜਨਟੇਸ਼ਨ ਨੂੰ ਸੇਵ ਕਰਨ ਦੇ ਸਟੈੱਪ ਹਨ :**

1. ਫਾਈਲ ਟੈਬ ਵਿੱਚ ਬੈਕ ਸਟੇਜ View ਤੇ ਜਾਓ।
2. ਸੇਵ ਏਜ ਡਾਇਲਾਗ ਨੂੰ ਖੋਲ੍ਹਣ ਲਈ ਸੇਵ ਏਜ ਤੇ ਕਲਿੱਕ ਕਰੋ।
3. ਫਾਈਲ ਨੂੰ ਸਹੀ ਨਾਮ ਦਿਓ।
4. supported file types ਦੀ ਲਿਸਟ ਵਿੱਚੋਂ pdf ਫਾਈਲ ਟਾਈਪ ਚੁਣੋ ਅਤੇ Save ਤੇ ਕਲਿੱਕ ਕਰੋ।
5. pdf ਫਾਈਲ ਨਿਯਤ ਕੀਤੀ ਜਗ੍ਹਾ ਵਿੱਚ ਸੇਵ ਹੋ ਜਾਵੇਗੀ।

### 1.10.2 ਪ੍ਰੇਜ਼ਨਟੇਸ਼ਨ ਨੂੰ ਵੀਡੀਓ ਫਾਈਲ ਵਜੋਂ ਸੇਵ ਕਰਨਾ :

ਪਾਵਰ ਪੁਆਇੰਟ ਪ੍ਰੇਜਨਟੇਸ਼ਨ ਨੂੰ ਇਸ ਪ੍ਰਕਾਰ ਦੀਆਂ ਫਾਈਲਾਂ ਦੇ ਤੌਰ ਸੇਵ ਕਰਨ ਦੀ ਆਗਿਆ ਦਿੰਦਾ ਹੈ, ਜੋ You Tube ਵਰਗੀ ਵੀਡੀਓ ਸ਼ੇਅਰਿੰਗ ਪਲੇਟਫਾਰਮ ਤੇ ਪੋਸਟ ਕੀਤੀਆਂ ਜਾ ਸਕਣ ਜਾਂ ਕਿਸੇ ਹੋਰ ਮੀਡੀਆ ਤੇ ਚਲਾਈਆਂ ਜਾ ਸਕਣ।

ਇੱਕ ਵੀਡੀਓ ਫਾਈਲ ਦੇ ਤੌਰ ਪ੍ਰੇਜਨਟੇਸ਼ਨ ਨੂੰ ਸੇਵ ਕਰਨ ਦੇ ਸਟੈੱਪ :

1. ਫਾਈਲ ਟੈਬ ਵਿੱਚ ਬੈਕ ਸਟੇਜ View ਤੇ ਜਾਉ।
2. ਸੇਵ ਐਜ਼ ਡਾਇਲਾਗ ਨੂੰ ਖੋਲਣ ਲਈ ਸੇਵ ਐਜ਼ ਤੇ ਕਲਿੱਕ ਕਰੋ।
3. ਫਾਈਲ ਨੂੰ ਸਹੀ ਨਾਮ ਦਿਉ।
4. ਸਹਾਇਕ ਫਾਈਲ ਕਿਸਮ ਦੀ ਸੂਚੀ ਵਿੱਚੋਂ ਫਾਈਲ ਕਿਸਮ .wmv ਚੁਣੋ।

5. ਵੀਡੀਓ ਬਣਾਉਣਾ ਇੱਕ ਦਮ ਹੋਣ ਵਾਲੀ ਪ੍ਰਕਿਰਿਆ ਨਹੀਂ ਹੈ, ਜਿਵੇਂ ਕਿ ਹੋਰ ਫਾਈਲ ਟਾਈਪਸ ਵਿੱਚ ਹੁੰਦਾ ਹੈ। ਪਾਵਰਪੁਆਇੰਟ ਨੂੰ ਵੀਡੀਓ ਫਾਈਲ ਬਣਾਉਣ ਦੀ ਜ਼ਰੂਰਤ ਪੈਦੀ ਹੈ। ਅਸੀਂ ਆਪਣੀ ਪ੍ਰੇਜ਼ਨਟੇਸ਼ਨ ਵਿੰਡੋ ਦੇ ਹੇਠਾਂ ਵੀਡੀਓ ਬਣਨ ਦੀ ਪ੍ਰਕਿਰਿਆ ਨੂੰ ਦੇਖ ਸਕਦੇ ਹਾਂ।
6. ਜਦੋ ਪ੍ਰੇਜ਼ਨਟੇਸ਼ਨ ਬਣਾਉਣ ਦੀ ਪ੍ਰਰਕਿਰਿਆ ਪੂਰੀ ਹੋ ਜਾਂਦੀ ਹੈ ਤਾਂ ਵੀਡੀਓ ਫਾਈਲ ਨੂੰ ਨਿਯਤ ਜਗ੍ਹਾ ਤੇ ਬਣ ਜਾਂਦੀ ਹੈ।

### 1.10.3 Image ਫਾਈਲ :

ਬਹੁਤ ਸਾਰੀਆਂ ਫਾਈਲਾਂ ਦੀਆਂ ਕਿਸਮਾਂ ਜਿਨ੍ਹਾਂ ਦੀ ਪਾਵਰ ਪੁਆਇੰਟ ਸਮਰਥਨ ਕਰਦਾ ਹੈ, Image file ਵੀ ਇਸ ਦੁਆਰਾ Support ਕੀਤੀ ਜਾਂਦੀ ਹੈ। Image ਫਾਈਲਾਂ ਲਈ ਐਕਸਟੈਸ਼ਨਾਂ ਦਾ ਇੱਕ ਸੈੱਟ ਹੈ। ਪਾਵਰ ਪੁਆਇੰਟ ਦੁਆਰਾ ਜੋ ਐਕਸਟੈਸ਼ਨਾਂ ਸਪੋਰਟ ਕੀਤੀਆਂ ਜਾਂਦੀਆਂ ਹਨ ਉਹਨਾਂ ਵਿੱਚ ਸ਼ਾਮਲ ਹਨ (.jpg) GIF (.gif), TIFF (ਅਤੇ ਬਿੱਟਮੈਪ (.bmp)

### 1.10.4 ਪੀਪੀਟੀ (Printing Presentation) ਪ੍ਰਿੰਟਿੰਗ ਪ੍ਰੈਜ਼ਨਟੇਸ਼ਨ :

**ਇਹ ਕਈ ਵਾਰ ਜ਼ਰੂਰੀ ਹੁੰਦਾ ਹੈ ਕਿ ਆਪਣੇ ਦਰਸ਼ਕਾਂ ਨੂੰ** Presentation ਸ਼ੁਰੂ ਕਰਨ ਤੋਂ ਪਹਿਲਾਂ ਪ੍ਰਿੰਟ ਫਾਰਮੇਟ ਵਿੱਚ ਵੰਡਿਆ ਜਾਵੇ ਤਾਂ ਕਿ ਉਹ ਨੋਟਸ ਲੈ ਸਕਣ।

### 1.10.5 ਪੀ ਪੀ ਟੀ ਬ੍ਰੌਡਕਾਸਟ ਸਲਾਈਡਸ਼ੋਅ :

**ਪਾਵਰ ਪੁਆਇੰਟ 2010 ਯੂਜ਼ਰ ਨੂੰ ਆਪਣੀ** Presentation ਇੰਟਰਨੈਟ ਤੇ ਦੁਨੀਆਂ ਭਰ ਦੇ ਦਰਸ਼ਕਾਂ ਲਈ ਪ੍ਰਸਾਰਣ ਕਰਨ ਦਾ ਮੌਕਾ ਦਿੰਦਾ ਹੈ। ਮਾਈਕਰੋਸਾਫਟ ਮੁਫ਼ਤ ਪ੍ਰਸਾਰਣ ਸਲਾਈਡ ਸ਼ੋਅ ਸੇਵਾ ਪ੍ਰਦਾਨ ਕਰਦਾ ਹੈ। ਸਾਨੂੰ ਸਿਰਫ ਲਿੰਕ ਨੂੰ ਆਪਣੇ ਦਰਸ਼ਕਾਂ ਨਾਲ ਸਾਂਝਾ ਕਰਨ ਦੀ ਲੋੜ ਹੁੰਦੀ ਹੈ ਅਤੇ ਉਹ ਕਿਸੇ ਵੀ ਥਾਂ ਤੇ Presentation ਦੇਖ ਸਕਦੇ ਹਨ। ਅਜਿਹਾ ਕਰਨ ਲਈ ਕੋਈ ਖਾਸ ਸੈੱਟਅੱਪ ਜਾਂ ਫੀਸ ਦੇਣ ਦੀ ਜ਼ਰੂਰਤ ਨਹੀਂ ਹੁੰਦੀ। ਸਾਨੂੰ ਸਿਰਫ ਇੱਕ Windows Live account ਦੀ ਲੋੜ ਪੈਦੀ ਹੈ।

### 1.10.6 ਪੀ ਪੀ ਟੀ ਪੈਕੇਜਿੰਗ Presentation :

**ਕੁਝ** Presentations ਦਰਸ਼ਕਾਂ ਨੂੰ ਇੱਕ ਸੀ ਡੀ ਦੇ ਰੂਪ ਵਿੱਚ ਵੰਡਣਾ ਜ਼ਿਆਦਾ ਬਿਹਤਰ ਰਹਿੰਦਾ ਹੈ। ਅਜਿਹੇ ਮਾਮਲਿਆਂ ਵਿੱਚ, ਅਸੀਂ ਇੱਕ ਸੀਡੀ ਪੈਕੇਜਿੰਗ ਬਣਾ ਸਕਦੇ ਹਾਂ ਜੋ ਇੱਕ ਸੀਡੀ ਵਿੱਚ brun (ਬਰਨ) ਕਰਕੇ ਵੰਡੇ ਜਾ ਸਕਦੇ ਹਨ।

### 1.10.7 ਪੀ ਪੀ ਟੀ ਡਾਕੂਮੈਂਟ ਪਾਸਵਰਡ ਸੈੱਟ ਕਰਨਾ

**ਕਈ ਵਾਰ** Presentation ਨੂੰ ਸੁਰੱਖਿਅਤ ਕਰਨ ਲਈ ਅਤੇ ਅਣਅਧਿਕਾਰਤ ਰੀਡਰ ਸਲਾਈਡ ਨੂੰ ਨਾ ਵੇਖ ਸਕਣ,ਪਾਵਰ ਪੁਆਇੰਟ ਯੂਜ਼ਰ ਨੂੰ Presentation ਨੂੰ ਸੁਰਖਿਅਤ ਕਰਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ।

1. ਫਾਈਲ ਟੈਬ ਤੇ ਬੈਕਸਟੇਜ view ਤੇ ਜਾਓ।
2. Info ਸੈਕਸ਼ਨ 'ਤੇ Permission ਡਰਾਪਡਾਊਨ ਤੇ ਕਲਿੱਕ ਕਰੋ।
3. ਪਾਸਵਰਡ ਸੁਰੱਖਿਅਤ ਕਰਨ ਲਈ 'Encrypt With password' ਚੁਣੋ।
4. ਇਨਕ੍ਰਿਪਟ ਡਾਕੂਮੈਂਟ ਡਾਇਲਾਗ 'Encrypt Docement dialog ਵਿੱਚ ਪਾਸਵਰਡ ਪਾਉ।
5. Confirm Password ਡਾਈਲਾਗ ਵਿੱਚ ਪਾਸਵਰਡ ਦੁਬਾਰਾ ਪਾਉ।
6. ਸਾਡੀ Presentation ਹੁਣ ਪਾਸਵਰਡ ਨਾਲ ਸੁਰੱਖਿਅਤ ਹੈ ਯੂਜਰ ਨੂੰ ਹੁਣ ਫਾਇਲ ਖੋਲ੍ਣ ਲਈ ਪਾਸਵਰਡ ਡਾਈਲਾਗ ਵਿੱਚ ਪਾਸਵਰਡ ਦੇਣਾ ਪਵੇਗਾ।


**ਨੋਟ :**

ਫਾਈਲ ਨੂੰ ਅਸੁਰੱਖਿਅਤ ਕਰਨ ਲਈ, ਸਟੈਪ 3 ਤੱਕ ਦੇ ਚਰਨਾਂ ਦੀ ਪਾਲਣਾ ਕਰੋ ਅਤੇ ਐਨਕ੍ਰਿਪਟ ਡਾਕੂਮੈਂਟ ਡਾਇਲਾਗ ਵਿੱਚੋ ਪਾਸਵਰਡ ਡਿਲੀਟ ਕਰੋ।

**1.10.8 ਪੀ ਪੀ ਟੀ-ਈ ਮੇਲ ਸਲਾਈਡ ਸ਼ੋਅ :** ਪਾਵਰ ਪੁਆਇੰਟ ਯੂਜ਼ਰਾਂ ਨੂੰ Presentation ਈ-ਮੇਲ ਅਟੈਚਮੈਟ ਦੇ ਤੌਰ 'ਤੇ ਵੀ ਸਾਂਝਾ ਕਰਨ ਦੀ ਆਗਿਆ ਦਿੰਦਾ ਹੈ। ਹਾਲਾਂਕਿ ਅਸੀਂ ਪ੍ਰੋਗਰਾਮ ਦੇ ਬਾਹਰੋਂ Presentation ਨੂੰ ਅਟੈਚ ਕਰ ਸਕਦੇ ਹਾਂ, ਪਾਵਰ ਪੁਆਇੰਟ ਤੋਂ ਸਿੱਧੇ ਈਮੇਲ ਭੇਜਣ ਦੀ ਸਮਰੱਥਾ ਕਾਫੀ ਸੁਵਧਿਾਜਨਕ ਹੈ ਇਹ ਇਸ ਲਈ ਹੈ, ਕਿਉਂਕਿ ਸਾਨੂੰ ਈਮੇਲ ਭੇਜਣ ਲਈ ਪਾਵਰ ਪੁਆਇੰਟ ਪ੍ਰੋਗਰਾਮ ਨੂੰ ਬੰਦ ਕਰਨ ਦੀ ਲੋੜ ਨਹੀਂ ਹੈ।

ਪਾਵਰ ਪੁਆਇੰਟ ਤੋਂ ਇੱਕ ਈਮੇਲ ਭੇਜਣ ਦੇ ਸਟੈਪ :

1. ਫਾਈਲ ਟੈਬ ਬੈਕਸਟੇਜ View ਤੇ ਜਾਉ।
2. Save & Send ਤੇ ਕਲਿੱਕ ਕਰੋ, Send using email ਆਪਸ਼ਨ ਨੂੰ ਚੁਣੋ ਅਤੇ Send As Attachment ਬਟਨ ਤੇ ਕਲਿੱਕ ਕਰੋ।
3. ਇਹ Out look Sendmail ਵਿੰਡੋ ਨੂੰ ਲਾਚ ਕਰਦਾ ਹੈ। ਜਿਸ ਵਿੱਚ Presentation ਇੱਕ ਅਟੈਚਮੈਟ ਦੀ ਤਰ੍ਹਾਂ ਜੁੜੀ ਹੁੰਦੀ ਹੈ। ਈਮੇਲਾਂ ਨੂੰ ਜੋੜ ਸਕਦੇ ਹਾਂ ਅਤੇ ਈਮੇਲ ਭੇਜ ਸਕਦੇ ਹਾਂ।
4. ਅਸੀਂ recipient ਦੇ ਈ-ਮੇਲ ਭਰ ਸਕਦੇ ਹਾਂ ਅਤੇ email ਭੇਜ ਸਕਦੇ ਹਾਂ। Send As Attachment ਚੁਣਣ ਦੀ ਬਜਾਏ ਜੇਕਰ ਅਸੀਂ Send as pdf ਚੁਣਦੇ ਹਾਂ ਤਾਂ ਅਸੀਂ Attachment ਨੂੰ .pptx ਦੀ ਜਗ੍ਹਾ ਅਟੈਚਮੈਟ ਵਜੋਂ ਭੇਜ ਸਕਦੇ ਹਾਂ।




ਚਿੱਤਰ 1.42

## ਯਾਦ ਰੱਖਣ ਯੋਗ ਗੱਲਾਂ :-

1. ਕੰਪਿਊਟਰ ਸਾਫਟਵੇਅਰ ਨੂੰ ਦੋ ਭਾਗਾਂ ਵਿੱਚ ਵਿੰਡਿਆ ਜਾਂਦਾ ਹੈ:- ਸਿਸਟਮ ਸਾਫਟਵੇਅਰ ਅਤੇ ਐਪਲੀਕੇਸ਼ਨ ਸਾਫਟਵੇਅਰ
2. ਸਿਸਟਮ ਸਾਫਟਵੇਅਰ ਉਹ ਸਾਫਟਵੇਅਰ ਹੈ ਜੋ ਪਰੋਗਰਾਮਾਂ ਦੇ ਸਮੂਹ ਤੋ ਬਣਿਆ ਹੁੰਦਾ ਹੈ|
3. ਐਪਲੀਕੇਸ਼ਨ ਸਾਫਟਵੇਅਰ ਉਹ ਸਾਫਟਵੇਅਰ ਹੈ ਜੋ ਯੂਜ਼ਰ ਲਈ ਖਾਸ ਕੰਮ ਕਰਦਾ ਹੈ|
4. ਵਰਡ ਪ੍ਰੋਸੈਸਿੰਗ ਟੂਲ ਦਾ ਕੰਮ ਡਾਕੂਮੈਟਸ ਬਣਾਉਣਾ ਹੈ|
5. ਡਾਟਾਬੇਸ ਸਾਫਟਵੇਅਰ ਰਿਲੇਟਡ ਡਾਟੇ ਦਾ ਇਕੱਠ ਹੈ| ਇਸ ਟੂਲ ਦਾ ਉਦੇਸ਼ ਡਾਟੇ ਨੂੰ ਮੈਨੇਜ ਕਰਨਾ ਹੈ|
6. ਸਪ੍ਰੈਡ ਸ਼ੀਟ ਟੂਲ ਦਾ ਉਪਯੋਗ ਬਜਟ, ਵਿੱਤੀ ਸਟੇਟਮੈਂਟਸ ਅਤੇ ਵਿਕਰੀਆਂ ਦੇ ਰਕਾਰਡਾਂ ਨੂੰ ਬਰਕਰਾਰ ਰੱਖਣ ਲਈ ਕੀਤਾ ਜਾਂਦਾ ਹੈ
7. Presentation tool ਦੀ ਵਰਤੋਂ ਸਲਾਈਡ ਸ਼ੋਅ ਦੇ ਰੂਪ ਵਿੱਚ ਜਾਣਕਾਰੀ ਨੂੰ ਪ੍ਰਦਰਸ਼ਿਤ ਕਰਨ ਲਈ ਕੀਤੀ ਜਾਂਦੀ ਹੈ
8. ਮਲਟੀਮੀਡੀਆ ਇੱਕ ਅਜਿਹਾ ਟੂਲ ਹੈ ਜੋ ਯੂਜ਼ਰ ਨੂੰ ਮੀਡੀਆ ਪਲੇਅਰਜ਼ ਅਤੇ ਰੀਅਲ ਪਲੇਅਰਜ਼ ਦੀ ਮਦਦ ਨਾਲ

ਆਡੀਓ ਅਤੇ ਵੀਡੀਓਜ਼ ਬਣਾਉਂਦਾ ਹੈ|

9. ਅਸੀ ਸਾਰੇ ਡਾਕੂਮੈਟ ਜਾਂ ਉਸਦੇ ਇੱਕ ਭਾਗ ਲਈ landscape ਜਾਂ portrait orientation ਨੂੰ ਚੁਣ ਸਕਦੇ ਹਾਂ|
10. ਜਦੋ ਅਸੀ ਪੇਜ ਦੇ ਅੰਤ ਵਿੱਚ ਪਹੁੰਚਦੇ ਹਾਂ ਤਾਂ ਵਰਡ automatically ਪੇਜ ਬਰੇਕ insert ਕਰ ਦਿੰਦਾ ਹੈ|
11. ਅਸੀ ਮੌਜੂਦਾ ਟੈਬ ਨੂੰ ਖੱਬੇ ਜਾਂ ਸੱਜੇ ਪਾਸੇ ਇੱਕ ਵੱਖਰੀ ਪੋਜੀਸ਼ਨ ਤੇ ਰੋਕ ਸਕਦੇ ਹਾਂ|
12. ਜਦੋਂ ਅਸੀਂ ਆਪਣੇ ਡਾਕੂਮੈਟ ਨੂੰ ਟਾਈਪ ਕਰਦੇ ਹਾਂ ਤਾਂ ਜਿਹੜੇ ਸ਼ਬਦ ਗਲਤ ਹੁੰਦੇ ਹਨ ਉਨ੍ਹਾਂ ਹੇਠ ਲਾਲ ਲਕੀਰ (wavy lines)) ਆ ਜਾਂਦੀ ਹੈ|
13. ਜਦੋਂ ਅਸੀਂ ਪ੍ਰਿੰਟ ਟੈਬ ਤੇ ਕਿਲੱਕ ਕਰਦੇ ਹਾਂ ਤਾਂ ਪ੍ਰਿੰਟ ਪ੍ਰੀਵਿਊ ਆਪਣੇ ਆਪ ਹੀ ਡਿਸਪਲੇ ਹੋ ਜਾਂਦਾ ਹੈ|
14. ਮਾਈਕਰੋਸੋਫਟ ਪਾਵਰਪੁਆਇੰਟ ਇੱਕ Presentation ਟੂਲ ਹੈ ਜੋ ਟੈਕਸਟ ਸ਼ੇਪਸ, ਗ੍ਰਾਫਿਕਸ, ਪਿਕਚਰਸ ਅਤੇ ਮਲਟੀਮੀਡੀਆ ਨੂੰ ਸਪੋਰਟ ਕਰਦਾ ਹੈ|
15. ਪਾਵਰਪੁਆਇੰਟ ਵਿੱਚ themes ਸਾਨੂੰ background ਚੁਣਨ ਵਿੱਚ ਮਦਦ ਕਰਦੇ ਹਨ|
16. ਟ੍ਰਾਂਜੀਸ਼ਨ ਆਪਸ਼ਨ ਉਨ੍ਹਾਂ ਹੀ ਅਸਾਨ ਹੈ ਜਿਨ੍ਹਾਂ ਕਿ ਅਗਲੀ ਸਲਾਈਡ ਤੇ ਜਾਣਾ।
17. ਟ੍ਰਾਂਜੀਸਨਜ਼ ਦੀਆਂ ਤਿੰਨ ਵਿਲੱਖਣ ਸ਼੍ਰੇਣੀਆਂ ਹਨ ਜੋਕਿ ਟ੍ਰਾਂਜੀਸ਼ਨ ਟੈਬ ਵਿੱਚ ਉਪਲਬਧ ਹੁੰਦੀਆਂ ਹਨ ਅਤੇ ਚੁਣੀਆਂ ਜਾ ਸਕਦੀਆਂ ਹਨ ਇਹ ਹਨ: subtle (slide transition), exciting (strong transition) , dynamic content
18. Animation effect ਦੀਆਂ ਦੋ common ਕਿਸਮਾਂ ਹਨ: entrance and Exist
19. ਅਸੀ ਆਪਣੀ Animation Effect ਦੀ ਤੀਬਰਤਾ ਵਧਾਉਣ ਲਈ ਉਸ ਵਿੱਚ sound ਨੂੰ Add ਕਰ ਸਕਦੇ ਹਾਂ|
20. ਪਾਵਰ ਪੋਆਇੰਟ ਗੇਲਰੀ ਵਿੱਚ entrance effects icon ਹਰੇ ਰੰਗ , emphasis effects icon ਪੀਲੇ ਰੰਗ ਅਤੇ exist effect icon ਲਾਲ ਰੰਗ ਦਾ ਹੁੰਦਾ ਹੈ|
21. ਪਾਵਰ ਪੋਆਇੰਟ, ਸਲਾਈਡ ਸ਼ੋਅ ਨੂੰ ਪਹਿਲੀ ਸਲਾਈਂਡ ਜਾਂ ਫਿਰ ਕਿਸੇ ਵੀ ਸਲਾਈਡ ਤੋ ਸ਼ੁਰੂ ਕਰਨ ਦੀ ਆਗਿਆ ਦਿੰਦਾ ਹੈ|
22. ਪਾਵਰ ਪੋਆਇੰਟ ਵਿੱਚ ਅਸੀ Esc Key ਦਬਾਕੇ ਸਲਾਈਡ ਸ਼ੋਅ ਨੂੰ ਰੋਕ ਜਾਂ ਬੰਦ ਕਰ ਸਕਦੇ ਹਨ|
23. ਪਾਵਰ ਪੋਆਇੰਟ ਸਾਨੂੰ ਆਪਣੀ presentation ਨੂੰ ਫਾਈਲ ਦੀ ਤਰਾਂ ਸੇਵ ਕਰਨ ਦੀ ਆਗਿਆ ਦਿੰਦਾ ਹੈ ਜਿਸਨੂੰ ਅਸੀ video sharing platform ਤੇ ਪੋਸਟ ਕਰ ਸਕਦੇ ਹਾਂ, ਜਿਵੇ ਕਿ YouTube ਆਦਿ|
24. ਪਾਵਰਪੋਆਇੰਟ, JPEG (.jpg), GIF (.gif), TIFF (.tiff) ਅਤੇ Bitmap (.bmp) ਆਦਿ images file extension ਨੂੰ ਸਪੋਰਟ ਕਰਦਾ ਹੈ|
25. Microsoft Application, user ਨੂੰ presentation protect ਕਰਨ ਦੀ ਆਗਿਆ ਦਿੰਦਾ ਹੈ|

## ਅਭਿਆਸ

**1.ਬਹੁ-ਚੋਣਵੇਂ ਪ੍ਰਸ਼ਨ :**

1. ਕਿਸ ਸਾਫਟਵੇਅਰ ਵਿੱਚ ਪ੍ਰੋਗਰਾਮਾਂ ਦੇ ਇੱਕ ਗਰੁੱਪ ਸ਼ਾਮਲ ਹੁੰਦੇ ਹਨ?
   a) ਸਿਸਟਮ ਸਾਫਟਵੇਅਰ
   b) ਐਪਲੀਕੇਸ਼ਨ ਸਾਫਟਵੇਅਰ
   c) ਯੂਟਿਲਟੀ ਸਾਫਟਵੇਅਰ
   d) ਉਪਰੋਕਤ ਸਾਰੇ

2. ਕਿਹੜਾ ਟੂਲ-ਬਜਟ, ਵਿਤੀ ਸਟੇਟਮੈਂਟ,ਅਤੇ ਵਿਕਰੀ ਦੇ ਰਿਕਾਰਡ ਨੂੰ ਮੈਨਟੇਨ ਕਰਨ ਲਈ ਵਰਤਿਆ ਜਾਂਦਾ ਹੈ?
   ੳ) ਮਲਟੀਮੀਡਿਆ ਅ) ਸਪਰੈਡਸ਼ੀਟ
   ੲ) ਪ੍ਰੈਜ਼ਨਟੇਸ਼ਨ ਸ) ਡਾਟਾਬੇਸ

3. ਜਦੋ ਅਸੀ ਇੱਕ ਪੰਨੇ ਦੇ________ ਤੇ ਪਹੁੰਚਦੇ ਹਾਂ. ਤਾਂ ਵਰਡ ਆਟੋਮੈਟਿਕ ਇੱਕ ਪੇਜ ਬ੍ਰੇਕ ਦਾਖਲ ਕਰਦਾ ਹੈ।
   a) Starting b) End
   c) mid of page d) ਕੋਈ ਨਹੀ

4 ਜਦੋਂ ਅਸੀਂ ਆਪਣਾ ਡਾਕੂਮੈਂਟ ਟਾਈਪ ਕਰਦੇ ਹਾਂ, ਤਾਂ ਗਲਤ ਲਿਖੇ ਅਖਰ ਦੇ ਹੇਠਾਂ ਵੇਵੀ ਲਾਈਨਾਂ ਆ ਜਾਣਗੀਆਂ।

a) ਨੀਲੀ b) ਚਿੱਟੀ c) ਲਾਲ d) ਕਾਲੀ

5. ਪਾਵਰਪੁਆਇੰਟ ਵਿਚ ਕਿਹੜੀ ਵਿਸ਼ੇਸ਼ਤਾ ਬੈਕਗ੍ਰਾਉਂਡ ਨੂੰ ਮੂਲ ਰੂਪ ਵਿੱਚ ਚੁਣਨ ਲਈ ਸਾਡੀ ਮਦਦ ਕਰਦੀ ਹੈ?

a) ਐਨੀਮੇਸ਼ਨ b) ਟ੍ਰਾਂਜੀਸ਼ਨ c) ਟਾਈਮਰ d) ਥੀਮ

6. ਪ੍ਰੈਜਨਟੇਸ਼ਨ ਦਾ ਕਿਹੜਾ ਆਪਸ਼ਨ ਉਨਾਂ ਹੀ ਆਸਾਨ ਹੈ ਜਿਨ੍ਹਾਂ ਕਿ ਅਗਲੀ ਸਲਾਈਡ ਤੇ ਜਾਣਾ।

a) ਐਨੀਮੇਸ਼ਨ b) ਸਾਉਂਡ ਪ੍ਰਭਾਵ
c) ਡਿਜ਼ਾਈਨ d) ਟ੍ਰਾਂਜੀਸ਼ਨ

7. ਸਭ ਤੋਂ ਆਮ ਕਿਸਮ ਦੇ ਪ੍ਰਭਾਵ ਵਿੱਚ ਐਂਟਰੈਂਸ ਅਤੇ ਐਕਸਿਟ ਸ਼ਾਮਲ ਹੁੰਦੇ ਹਨ।

a) ਐਨੀਮੇਸ਼ਨ b) ਸਾਉਂਡ ਪ੍ਰਭਾਵ
c) ਡਿਜ਼ਾਈਨ d) ਟ੍ਰਾਂਜੀਸ਼ਨ

8. ਆਮ ਤੌਰ ਤੇ ਪਾਵਰਪੁਆਂਇਟ ਵਿੱਚ ਸਲਾਈਡ ਸ਼ੋਅ ਦਾ ਅੰਤ ਕਰਨ ਲਈ ਅਸੀਂ ਕੀਬੋਰਡ ਤੋਂ ਕਿਹੜੀ ਕੀਅ ਦਬਾਉਂਦੇ ਹਾਂ।

a) ਸ਼ਿਫਟ ਕੀਅ b) Ctrl ਕੀਅ
c) Alt ਕੀਅ d) Esc ਕੀਅ

9. ਮਾਈਕਰੋਸੌਫਟ ਐਪਲੀਕੇਸ਼ਨ ਯੂਜਰ ਨੂੰ ਆਪਣੀ ਫਾਈਲ ਜਿਵੇਂ ਕਿ ਡਾਕੂਮੈਂਟ, ਸਪਰੈਡਸ਼ੀਟ, ਅਤੇ ਪ੍ਰੈਜਨਟੇਸ਼ਨ ਆਦਿ ਨੂੰ ਐਨਕ੍ਰਿਪਟ ਦੇ ਨਾਲ ਤੇ............ ਆਪਸ਼ਨ ਦੇ ਨਾਲ ਸੁਰਖਿਅਤ ਕਰਨ ਦੀ ਸਮਰਥਾ ਪ੍ਰਦਾਨ ਕਰਦੀ ਹੈ।

a) ਕੀਵਰਡ b) ਪਾਸਵਰਡ
c) ਲਾਕ d) ਉਪਰੋਕਤ ਸਾਰੇ

10. ਪੇਜ..........ਪੇਜ ਦੇ ਕਿਨਾਰਿਆਂ ਦੀ ਖਾਲੀ ਥਾਂ ਹੁੰਦੀ ਹੈ।

a) ਗਰਾਫਿਕਸ b) ਡਿਜ਼ਾਇਨ
c) ਮਾਰਜਿਨ d) ਇਹਨਾਂ ਵਿੱਚੋਂ ਕੋਈ ਨਹੀਂ

## 2. ਖਾਲੀ ਥਾਵਾਂ ਭਰੋ:

1 ਕੰਪਿਊਟਰ ਸਾਫਟਵੇਅਰ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ:....................ਅਤੇ.............।

2. ਡੇਟਾਬੇਸ ਸਾਫਟਵੇਅਰ ਸੰਬੰਧਿਤ ਡੇਟਾ ਦਾ ਸੰਗ੍ਰਹਿ ਹੈ ਇਸ ਟੂਲ ਦਾ ਉਦੇਸ਼ ............ਅਤੇ .................... ਹੈ।

3. ਅਸੀਂ ਆਪਣੇ ਪੂਰੇ ਡਾਕਮੈਂਟ ਜਾਂ ਕੁਝ ਹਿੱਸੇ ਲਈ................(ਵਰਟੀਕਲ) ਜਾਂ.........(ਹਾਰੀਜੋਂਟਲ) ਓਰੀਐਨਟੇਸ਼ਨ ਦੀ ਚੋਣ ਕਰ ਸਕਦੇ ਹਾਂ।

4. ਪਾਵਰਪੁਆਇੰਟ ਦੁਆਰਾ ਸਮਰਥਿਤ ਇਮੇਜ ਫਾਈਲ ਦੀ ਐਕਸ਼ਟੇਸ਼ਨ ਵਿੱਚ ਸ਼ਾਮਲ ਹਨ................. ਏ.,...................,TIFF (.tiff) ਅਤੇ ਬਿੱਟਮੈਪ (.ਬੀਐਮਪੀ)।

5. ਮਲਟੀਮੀਡੀਆ ਸੌਫਟਵੇਅਰ ਉਹ ਟੂਲ ਹੈ ਜੋ ਯੂਜਰ ਨੂ ਮੀਡਿਆ ਪਨੇਅਰ ਅਤੇ ਰੀਅਲ ਪਲੇਅਰ ਦੀ ਮਦਦ ਨਾਲ ............ ਅਤੇ ............ਬਨਾਉਣ ਦੀ ਆਗਿਆ ਦਿੰਦਾ ਹੈ।

## 3. ਸਹੀ ਜਾਂ ਗਲਤ :

1. ਸਪ੍ਰੈਡ ਸ਼ੀਟ ਟੂਲ ਦਾ ਮੁੱਖ ਉਦੇਸ਼ ਡਾਕੂਮੈਂਟ ਬਣਾਉਣਾ ਹੈ।

2. ਐਪਲੀਕੇਸ਼ਨ ਸੌਫਟਵੇਅਰ ਇੱਕ ਅਜਿਹਾ ਸਾੱਫਟਵੇਅਰ ਹੈ ਜੋ ਯੂਜ਼ਰ ਲਈ ਖਾਸ ਕੰਮ ਕਰਦਾ ਹੈ

3. ਡਾਟਾਬੇਸ ਟੂਲ ਸਲਾਈਡ ਸ਼ੋਅ ਦੇ ਰੂਪ ਵਿੱਚ ਜਾਣਕਾਰੀ ਨੂੰ ਡਿਸਪਲੇ ਕਰਨ ਲਈ ਵਰਤਿਆ ਜਾਂਦਾ ਹੈ।

4. ਅਸੀਂ ਮੌਜੂਦਾ ਟੈਬ ਨੂੰ ਰੂਲਰ ਦੇ ਨਾਲ ਨਾਲ ਵੱਖ-ਵੱਖ ਥਾਵਾਂ ਤੇ ਖੱਬੇ ਜਾ ਸੱਜੇ ਪਾਸੇ ਡ੍ਰੈਗ ਕਰ ਸਕਦੇ ਹਾਂ।

5. ਜਦੋਂ ਅਸੀਂ ਪ੍ਰਿੰਟ ਟੈਬ ਤੇ ਕਲਕਿ ਕਰਦੇ ਹਾਂ ਤਾਂ ਪ੍ਰਿੰਟ ਪ੍ਰੀਵਿਊ ਆਪਣੇ ਆਪ ਦਿਖਾਈ ਦਿੰਦਾ ਹੈ।

## 4. ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ:

1. ਐੱਮ.ਐੱਸ . ਆਫਿਸ 2010 ਵਿੱਚ ਵਰਡ ਡਾਕੂਮੈਂਟ ਦੀ ਐਕਟੈਂਸ਼ਨ ਲਿਖੋ।

2. ਐੱਮ. ਐੱਸ. ਆਫਿਸ 2010 ਵਿੱਚ ਸਪ੍ਰੈਡ ਸ਼ੀਟ ਦੀ ਐਕਸਟੈਨਸ਼ਨ ਲਿਖੋ।

3. ਐੱਮ. ਐੱਸ. ਆਫਸਿ 2010 ਵਿੱਚ ਪਾਵਰ ਪੁਆਇੰਟ ਦੀ ਐਕਸਟੈਨਸ਼ਨ ਲਿਖੋ।

4. ਬੀ.ਐੱਮ ਪੀ ( ਈਮੇਜ ਫਾਇਲ ) ਦਾ ਪੂਰਾ ਰੂਪ ਲਿਖੋ

5. ਪੀ ਡੀ ਐਫ ਦਾ ਪੂਰਾ ਰੂਪ ਲਿਖੋ।

## 5. ਛੋਟੇ ਉਤਰਾਂ ਵਾਲੇ ਪ੍ਰਸ਼ਨ :

1 ਸਿਸਟਮ ਆਫਟਵੇਅਰ ਨੂੰ ਪ੍ਰਭਾਸ਼ਿਤ ਕਰੋ?

2 ਆਫਿਸ ਪ੍ਰੋਡਕਟੀਵਿਟੀ ਟੂਲਜ ਦੀ ਵਿਆਖਿਆ ਕਰੋ

3. ਡਾਟਾ ਬੇਸ ਸੌਫਟਵੇਅਰ ਦੀ ਵਿਆਖਿਆ ਕਰੋ

4. ਮਲਟੀਮੀਡੀਆ ਸੌਫਟਵੇਅਰ ਦੀ ਵਿਆਖਿਆ ਕਰੋ

5. ਕਸਟਮ ਮਾਰਜਿਨ ਬਣਾਉਣ ਲਈ ਕਦਮ ਲਿਖੋ

6 page break ਕੀ ਹੈ ? page break ਕਿਵੇਂ ਦਾਖਲ ਕੀਤਾ ਜਾਂਦਾ ਹੈ?

**6. ਵੱਡੇ ਉੱਤਰਾਂ ਵਾਲੇ ਪ੍ਰਸ਼ਨ -**

1. ਆਫਿਸ ਟੂਲ ਕੀ ਹਨ? ਕਿਸੇ ਵੀ ਪੰਜ ਕਿਸਮ ਦੇ ਆਫਿਸ ਟੂਲ ਦੀ ਵਿਆਖਿਆ ਕਰੋ।

2. ਐਮ ਐਸ -ਵਰਡ ਟੈਮਪਲੇਟਸ ਨਾਲ ਰੈਜ਼ਿਊਮੇ ਕਿਵੇਂ ਬਣਾਇਆ ਜਾਂਦਾ ਹੈ?

3. ਸਪ੍ਰੈਡਸ਼ੀਟ ਨਾਲ ਮੇਲ ਮਰਜ ਦੀ ਵਰਤੋਂ ਕਰਦੇ ਹੋਏ ਵਿਦਿਆਰਥੀ ਦੀ ਸਲਾਨਾ ਰਿਪੋਰਟ ਤਿਆਰ ਕਰਨ ਲਈ ਕਦਮ ਲਿਖੋ।

4. ਟੈਬ ਸਟਾਪਸ ਕੀ ਹੈ? ਮੈਨੂਅਲ ਟੈਬ ਸਟਾਪਸ ਸੈੱਟ ਕਰਨ ਦੀ ਵਿਆਖਿਆ ਕਰੋ।

5. ਪ੍ਰਿੰਟ ਪ੍ਰੀਵਿਊ ਅਤੇ ਪ੍ਰਿੰਟ ਕਮਾਂਡ ਦੀ ਵਿਆਖਿਆ ਕਰੋ?

## Answers Key

| Questions | Multiple Choice | Fill in the Blanks | True or False | Very Short Answer |
|---|---|---|---|---|
| 1 | System software | System software and application software | FALSE | .docx |
| 2 | Spread sheet | Organize and manage | TRUE | .xlsx |
| 3 | End | Portrait or landscape | FALSE | .pptx |
| 4 | Red | JPEG (.jpg), GIF (.gif) | TRUE | Bitmap |
| 5 | Theme | Audio and videos | TRUE | Permanent Document Format |
| 6 | Transition | - | - | - |
| 7 | Animation | - | - | - |
| 8 | Esc Key | - | - | - |
| 9 | Password | - | - | - |
| 10 | Margin | - | - | - |

Chapter
2

# HTML ਫੰਡਾਮੈਂਟਲਜ਼




## ਪਾਠ ਦੇ ਉਦੇਸ਼

**ਜਾਣ-ਪਛਾਣ**

2.1 HTML ਦਾ ਇਤਿਹਾਸ
2.2 HTML ਕੀ ਹੈ?
2.3 ਇੱਕ HTML ਡਾਕੂਮੈਂਟ ਦਾ ਬੇਸਿਕ ਢਾਂਚਾ
2.4 ਇੱਕ HTML ਡਾਕੂਮੈਂਟ ਬਣਾਉਣਾ
2.5 ਵੈੱਬ ਬਰਾਊਜ਼ਰ
2.6 HTML ਟੈਗਸ
2.7 ਐਟਰੀਬਿਊਟਸ
2.8 ਐਟਰੀਬਿਊਟ ਦੇ ਨਾਲ BODY ਟੈਗ
2.9 HTML ਡਾਕੂਮੈਂਟ ਦੇ ਵਿੱਚ ਫਾਰਮੈਟਿੰਗ
2.10 ਲਿਸਟਾਂ
2.11 ਇਮੇਜਿਜ
2.12 ਟੇਬਲਜ਼

## ਜਾਣ-ਪਛਾਣ (Introduction):

ਕਿਸੇ ਖਾਸ ਖੇਤਰ ਲਈ ਢੁੱਕਵੀਂ ਜਾਣਕਾਰੀ ਲੱਭਣ ਲਈ ਇੰਟਰਨੈਟ ਤੇਜ਼ੀ ਨਾਲ ਮਹੱਤਵਪੂਰਣ ਸਰੋਤ ਬਣ ਰਿਹਾ ਹੈ। ਇੰਟਰਨੈੱਟ ਨੂੰ ''ਨੈਟਵਰਕਸ ਦਾ ਨੈੱਟਵਰਕ'' ਕਿਹਾ ਗਿਆ ਹੈ। ਸੌਖੇ ਸ਼ਬਦਾਂ ਵਿੱਚ, ਇਹ ਸੰਸਾਰ ਭਰ ਵਿੱਚ ਲੱਖਾਂ ਲੋਕਾਂ ਨੂੰ ਜੋੜਨ ਦਾ ਇੱਕ ਤਰੀਕਾ ਹੈ, ਜੋ ਕਿ ISP ਦੇ ਜ਼ਰੀਏ ਇੱਕ ਛੋਟੇ ਨੈੱਟਵਰਕ ਨਾਲ ਜੁੜਕੇ ਕੰਪਿਊਟਰ, ਸਮਾਰਟ ਫੋਨ, ਟੈਬ ਆਦਿ ਦੀ ਵਰਤੋਂ ਕਰ ਰਿਹਾ ਹੈ। ਕੋਈ ਵੀ ਇੰਟਰਨੈੱਟ ਜਾਂ ਵਰਲਡ ਵਾਈਡ ਵੈੱਬ ਨੂੰ ਕੰਟਰੋਲ ਨਹੀਂ ਕਰਦਾ, ਹਾਲਾਂਕਿ ਲੱਖਾਂ ਵਿਅਕਤੀਆਂ ਅਤੇ ਸੰਗਠਨ ਆਪਣਾ ਪਰਸਨਲ ਨੈਟਵਰਕ ਕੰਟਰੋਲ ਕਰਦੇ ਹਨ। ਇਸ ਨੈੱਟਵਰਕ ਦੀ ਨਿਰੰਤਰ ਕਾਰਜਸ਼ੀਲਤਾ ਲਈ ਕੁੱਝ ਟਾਸਕ ਫੋਰਸਾਂ ਨੂੰ ਸੰਗਠਿਤ ਕੀਤਾ ਗਿਆ ਹੈ। WWW ਲੱਖਾਂ ਵੈਬ ਪੇਜਿਜ਼ ਤੋਂ ਬਣਿਆ ਹੈ ਜਿਸ ਵਿੱਚ ਟੈਕਸਟ, ਗ੍ਰਾਫਿਕਸ, ਅਵਾਜ਼ਾਂ, ਵੀਡੀਓਜ਼ ਅਤੇ ਹੋਰ ਵੈਬਪੇਜ਼ਾਂ ਲਈ ਲਿੰਕ ਸ਼ਾਮਲ ਹਨ। ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹ ਵੈਬ ਪੇਜਾਂ ਨੂੰ ਲਿਖਣ ਵਿੱਚ ਕਿਹੜੀ ਬੁਨਿਆਦੀ ਤਕਨਾਲੋਜੀ ਹੈ, ਜੋ ਅਸੀਂ ਰੋਜ਼ਾਨਾ ਵਰਤ ਰਹੇ ਹਾਂ? ਸਾਨੂੰ ਇਹਨਾਂ ਵੈੱਬ ਪੰਨਿਆਂ ਨੂੰ ਡਿਜ਼ਾਇਨ ਕਰਨ ਲਈ ਇੱਕ ਕੰਪਿਊਟਰ ਭਾਸ਼ਾ ਦੀ ਲੋੜ ਹੈ। ਵੈਬਪੇਜ ਨੂੰ ਡਿਜ਼ਾਇਨ ਕਰਨ ਲਈ ਬੇਸਿਕ ਅਤੇ ਆਮ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ HTML ਹੈ। ਇਸ ਅਧਿਆਇ ਵਿੱਚ ਅਸੀਂ HTML ਦੇ ਬੁਨਿਆਦੀ ਢਾਂਚੇ ਬਾਰੇ ਚਰਚਾ ਕਰਾਂਗੇ।

## 2.1 HTML ਦਾ ਇਤਿਹਾਸ

1980 ਦੇ ਸ਼ੁਰੂ ਵਿੱਚ, SGML (ਸਟੈਂਡਰਡ ਜਰਨਲਾਈਜ਼ਡ ਮਾਰਕਅੱਪ ਲੈਂਗੁਏਜ) ਤਿਆਰ ਕੀਤੀ ਗਈ ਸੀ, ਜੋ ਕਿ 1960 ਦੇ ਸੁਰੂ ਵਿੱਚ ਡਿਜ਼ਾਇਨ ਕੀਤੀ ਗਈ ਭਾਸ਼ਾ GML (ਜਨਰਲ ਮਾਰਕਅਪ ਲੈਂਗੁਏਜ) ਦਾ ਵਿਸਥਾਰ ਸੀ ਜੋ ਕਿ ਅਸਲ ਵਿੱਚ ਸਰਕਾਰ, ਕਨੂੰਨ ਅਤੇ ਉਦਯੋਗ ਨਾਲ ਜੁੜੇ ਵੱਡੇ ਡਾਕੂਮੈਂਟ ਸਾਂਝੇ ਕਰਨ ਲਈ ਤਿਆਰ ਕੀਤਾ ਗਿਆ ਸੀ। 1989 ਵਿੱਚ ਟਿਮ ਬਰਨਰਸ ਲੀ ਨੇ CERN, ਜਿਨੀਵਾ ਵਿੱਚ ਯੂਰਪੀਨ ਪ੍ਰਯੋਗਸ਼ਾਲਾ ਨੇ ਹੋਰ ਰਿਫਾਈਨਡ ਇੰਟਰਨੈਟ ਆਧਾਰਿਤ ''ਹਾਈਪਰ ਟੈਕਸਟ ਮਾਰਕਪ ਲੈਂਗੁਏਜ਼'' ਪ੍ਰਸਤੁਤ ਕੀਤੀ ਅਤੇ ਡਿਜ਼ਾਈਨ ਕੀਤੀ। ਉਸ ਨੇ ਬ੍ਰਾਊਜ਼ਰ ਅਤੇ ਹੋਰ ਸੰਬੰਧਿਤ ਸਾਫਟਵੇਅਰ ਵੀ ਲਿਖੇ ਸਨ। ਬਾਅਦ ਵਿੱਚ ਇਹ ਇੱਕ ਵਿਆਪਕ ਸਵੀਕਾਰੀ ਕੀਤੀ ਗਈ ਭਾਸ਼ਾ ਬਣ ਗਈ।

## 2.2 HTML ਕੀ ਹੈ ?

HTML ਦਾ ਭਾਵ ਹੈ ਹਾਇਪਰ ਟੈਕਸਟ ਮਾਰਕਅੱਪ ਲੈਂਗੁਏਜ। HTML ਇੱਕ ਅਜਿਹੀ ਭਾਸ਼ਾ ਹੈ ਜੋ ਵੈਬ ਦੀ ਡਿਜ਼ਾਈਨਿੰਗ ਕਰਨ ਲਈ ਵਰਤੀ ਜਾਂਦੀ ਹੈ। ਜਿਸ ਵਿੱਚ ਟੈਕਸਟ, ਗ੍ਰਾਫਿਕਸ ਅਤੇ ਹੋਰ ਜਾਣਕਾਰੀ ਇਕੱਠੀ ਕਰਕੇ, ਫਾਰਮੈਟ ਕੀਤੀਆਂ ਜਾਂਦੀਆਂ ਹਨ, ਅਤੇ ਇੱਕ ਦੂਜੇ ਨਾਲ ਲਿੰਕ ਕੀਤੀਆਂ ਜਾਂਦੀਆਂ ਹਨ। HTML ਇੱਕ ਟੈਗ ਆਧਾਰਿਤ ਭਾਸ਼ਾ ਹੈ, ਜੋ ਵੈਬ ਬ੍ਰਾਊਜ਼ਰ ਨੂੰ ਨਿਸ਼ਚਿਤ ਕਰਦੀ ਹੈ ਕਿ ਦਿੱਤੇ ਗਏ ਟੈਕਸਟ ਤੇ ਕੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ? ਹਾਈਪਰਟੈਕਸਟ ਇੱਕ ਟੈਕਸਟ ਹੀ ਹੁੰਦਾ ਹੈ ਜੋ ਕਿ ਮਾਰਕਅਪ ਲੈਂਗੁਏਜ਼ ਵਿੱਚ ਵੈਬ ਡਾਕੂਮੈਂਟ ਨੂੰ ਪਰਿਭਾਸ਼ਿਤ ਕਰਨ ਲਈ ਇੱਕ ਲਿੰਕ ਦੀ ਤਰ੍ਹਾਂ ਕੰਮ ਕਰਦਾ ਹੈ। ਇੱਕ ਮਾਰਕਅਪ ਭਾਸ਼ਾ ਮਾਰਕਅਪ ਟੈਗਸ ਦਾ ਸੈੱਟ ਹੈ।

HTML ਦਸਤਾਵੇਜ਼ਾਂ ਨੂੰ ਟੈਗਸ ਦੁਆਰਾ ਦਰਸਾਇਆ ਗਿਆ ਹੈ, ਹਰ ਇੱਕ HTML ਟੈਗ ਇੱਕ ਵੱਖਰੇ ਅਰਥ ਦਾ ਵਰਨਣ ਕਰਦਾ ਹੈ ਜਿਸ ਲਈ ਇਸ ਨੂੰ ਡਿਜ਼ਾਇਨ ਕੀਤਾ ਗਿਆ ਹੈ। HTML ਬਹੁਤ ਹੀ ਆਸਾਨ, ਲਚਕਦਾਰ, ਇੰਟਰਐਕਟਿਵ, ਵਿਆਪਕ ਤੌਰ ਤੇ ਪ੍ਰਵਾਨਿਤ ਮਾਰਕਅੱਪ ਭਾਸ਼ਾ ਹੈ। HTML ਭਾਸ਼ਾ ਕੇਸ ਸੈਂਸਟਿਵ ਨਹੀਂ ਹੈ।

## 2.3 HTML ਡਾਕੂਮੈਂਟ ਦਾ ਬੇਸਿਕ ਢਾਂਚਾ

ਇੱਕ ਡਾਕੂਮੈਂਟ ਵਿੱਚ ਦੋ ਮੁੱਖ ਭਾਗ ਹੁੰਦੇ ਹਨ :

- **Head (ਹੈੱਡ) :** Head ਭਾਗ ਵਿੱਚ Title ਹੁੰਦਾ ਹੈ ਜੋਕਿ HTML ਡਾਕੂਮੈਂਟ ਦੇ ਸਿਰਲੇਖ ਦੀ ਪਛਾਣ ਕਰਦਾ ਹੈ।
- **Body (ਬੌਡੀ) :** Body ਐਲੀਮੈਂਟ ਵਿੱਚ ਅਸਲ ਕੰਨਟੈਂਟ ਜਾਂ ਜਾਣਕਾਰੀ ਹੁੰਦੀ ਹੈ। ਜੋ ਤੁਸੀਂ ਉਪਭੋਗਤਾ ਨੂੰ ਵੈਬ ਪੇਜ ਤੇ ਪ੍ਰਦਰਸ਼ਿਤ ਕਰਨਾ ਚਾਹੁੰਦੇ ਹੋ।

HTML ਡਾਕੂਮੈਂਟ ਦਾ ਸਿੰਟੈਕਸ ਹੇਠ ਲਿਖੇ ਅਨੁਸਾਰ ਹੈ :

```
  <html>
<head>
<title>TITLE OF YOUR WEBPAGE </title>
</head>
<body>
Information which user wants to show.
</body>
</html>
```

ਚਿੱਤਰ: 2.1

ਉਪਰੋਕਤ ਢਾਂਚੇ ਵਿੱਚ ਪ੍ਰਭਾਸ਼ਿਤ ਟੈਗ ਮੂਲ ਰੂਪ ਵਿੱਚ ਵੈਬ ਬ੍ਰਾਊਜ਼ਰ ਨੂੰ ਦਿੱਤੇ ਗਏ ਟੈਗਾਂ ਵਿੱਚ ਪਰਿਭਾਸ਼ਿਤ ਕੀਤੇ ਗਏ ਟੈਕਸਟ ਤੇ ਕੀਤੇ ਗਏ ਵੱਖਰੇ ਕਾਰਜਾਂ ਬਾਰੇ ਪ੍ਰਭਾਸ਼ਿਤ ਕਰਦੇ ਹਨ ਜਾਂ ਹਿਦਾਇਤ ਦਿੰਦੇ ਹਨ। ਹੁਣ ਅਸੀਂ ਉਪਰੋਕਤ ਢਾਂਚੇ ਦੀ ਵਿਆਖਿਆ ਕਰਾਂਗੇ।

### 2.3.1 <HTML> ਟੈਗ :

<html> tag ਤੋਂ ਦਸਤਾਵੇਜ਼ ਸ਼ੁਰੂ ਕੀਤਾ ਗਿਆ ਹੈ ਅਤੇ </html> ਟੈਗ ਦੇ ਨਾਲ ਬੰਦ ਕੀਤਾ ਜਾਵੇਗਾ। ਇਹ ਵੈੱਬ ਬਰਾਊਜ਼ਰ ਨੂੰ ਸੂਚਿਤ ਕਰਦਾ ਹੈ ਕਿ ਕਿੱਥੇ ਵੈੱਬ ਪੇਜ਼ ਸ਼ੁਰੂ ਹੋਵੇਗਾ ਅਤੇ ਇਹ ਕਿੱਥੇ ਖਤਮ ਹੋਵੇਗਾ। ਜੇ ਕਮਾਂਡ ਨੂੰ ਟੈਗ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਜਾਂਦਾ ਤਾਂ ਟੈਗ ਬ੍ਰਾਊਜ਼ਰ ਵਿੱਚ ਟੈਕਸਟ ਦੇ ਰੂਪ ਵਿੱਚ ਲੈਂਦਾ ਹੈ।

### 2.3.2 <HEAD> ਟੈਗ:

HEAD ਟੈਗ, ਹੈਡਿੰਗ (ਸਿਰਲੇਖ) ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਡਾਕੂਮੈਂਟ ਦਾ ਹੈਡਿੰਗ <Head> ਟੈਗ ਵਿੱਚ ਲਿਖਿਆ ਗਿਆ ਹੈ। ਇਹ ਹਮੇਸ਼ਾ ਜੋੜਿਆਂ (pair) ਦੇ ਰੂਪ

ਵਿੱਚ ਹੁੰਦਾ ਹੈ। ਹੈਡ ਟੈਗ ਨੂੰ ਇੱਕ ਵੈਬ ਪੇਜ ਲਈ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਇਕ ਕੰਟੇਨਰ ਟੈਗ ਹੈ। ਇਹ HTML ਡਾਕੂਮੈਂਟ ਦਾ ਸਿਰਲੇਖ ਪਰਿਭਾਸ਼ਿਤ ਕਰਦਾ ਹੈ। ਇਹ <HEAD>TAG ਨਾਲ ਸ਼ੁਰੂ ਹੁੰਦਾ ਹੈ ਅਤੇ </HEAD> ਨਾਲ ਖਤਮ ਹੁੰਦਾ ਹੈ। ਇਹ ਟੈਗ ਹਮੇਸ਼ਾ <HTML> ਟੈਗ ਤੋਂ ਹੇਠਾਂ ਅਤੇ <BODY> ਟੈਗ ਤੋਂ ਪਹਿਲਾਂ ਦਰਸਾਇਆ ਜਾਂਦਾ ਹੈ। ਇਸ ਵਿੱਚ ਵੈਬਪੇਜ ਦਾ ਸਿਰਲੇਖ, ਸਰਚ ਇੰਜਣ ਦੁਆਰਾ ਵਰਤੇ ਗਏ ਸ਼ਬਦ ਆਦਿ ਸੰਬੰਧਿਤ ਜਾਣਕਾਰੀ ਸ਼ਾਮਲ ਹੈ, ਇਸ ਵਿੱਚ ਆਪਣੇ ਆਪ ਨਾਲ ਸੰਬੰਧਿਤ ਕੋਈ ਟੈਕਸਟ ਨਹੀਂ ਹੁੰਦਾ।

ਉਦਾਹਰਨ *<HEAD> <TITLE> First Web Page </TITLE> </HEAD>*

**2.3.3 <TITLE> :** ਟਾਈਟਲ ਟੈਗ ਵੈੱਬਪੇਜ ਦਾ ਸਿਰਲੇਖ ਪਰਿਭਾਸ਼ਿਤ ਕਰਦਾ ਹੈ, ਜੋ ਵੈਬ ਬਰਾਊਜ਼ਰ ਦੇ ਟਾਈਟਲਬਾਰ ਤੇ ਪ੍ਰਦਰਸ਼ਿਤ ਹੁੰਦਾ ਹੈ ਜਦੋਂ ਵੈਬ ਪੇਜ ਨੂੰ ਵੈਬ ਬ੍ਰਾਊਜ਼ਰ ਵਿੱਚ ਲੋਡ ਕੀਤਾ ਜਾਂਦਾ ਹੈ। ਇਹ <TITLE> ਅਤੇ </TITLE> ਟੈਗਸ ਦੇ ਵਿਚਕਾਰ ਹੁੰਦਾ ਹੈ, ਇਹ ਛੋਟਾ ਅਤੇ ਅਰਥਪੂਰਣ ਹੋਣਾ ਚਾਹੀਦਾ ਹੈ। ਉਦਾਹਰਨ <TITLE> First Web Page </TITLE>


**2.3.4 <BODY> :** ਟੈਗ ਵੈੱਬ ਬ੍ਰਾਊਜ਼ਰ ਵਿੱਚ ਵੈਬਪੰਨੇ ਵਿੱਚ ਲੋਡ ਹੋਣ ਤੇ ਵੈਬ ਬ੍ਰਾਊਜ਼ਰ ਤੇ ਪ੍ਰਦਰਸ਼ਿਤ ਕਰਨ ਵਾਲੀ ਅਸਲ ਜਾਣਕਾਰੀ ਰੱਖਦਾ ਹੈ। ਇਸ ਵਿੱਚ ਟੈਕਸਟ, ਚਿੱਤਰ, ਆਡੀਓ, ਵਿਡੀਓ ਆਦਿ ਦੇ ਤੱਤ ਜਾਂ ਕੰਨਟੈਂਟ ਸ਼ਾਮਲ ਹੋ ਸਕਦੇ ਹਨ। ਇਹ ਕੰਨਟੈਂਟ <BODY> ਅਤੇ </BODY> ਟੈਗਸ ਦੇ ਵਿਚਕਾਰ ਪ੍ਰਭਾਸ਼ਿਤ ਹੁੰਦੀ ਹੈ।। ਇਹ ਇੱਕ ਕੰਟੇਨਰ ਟੈਗ ਹੈ।

<BODY> ਟੈਗ ਵਿੱਚ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹ ਵਿਸ਼ੇਸ਼ਤਾਵਾਂ ਨੂੰ ਐਟਰੀਬੀਊਟਸ (ਗੁਣ) ਕਿਹਾ ਜਾਂਦਾ ਹੈ। ਅਸੀਂ ਇਨ੍ਹਾਂ ਐਟਰੀਬੀਊਟਸ ਦੇ ਨਾਲ ਬੈਕਗਰਾਊਂਡ ਕਲਰ, ਟੈਕਸਟ ਕਲਰ, ਫੌਂਟ ਸਾਈਜ਼ ਆਦਿ ਚੁਣ ਸਕਦੇ ਹਾਂ।

## 2.4 HTML ਡਾਕੂਮੈਂਟ ਬਣਾਉਣਾ :

ਵੈਬਪੇਜ ਸਧਾਰਨ ਟੈਕਸਟ ਫਾਈਲਾਂ ਹਨ ਜੋ ਕਿਸੇ ਵੀ ਟੈਕਸਟ ਐਡੀਟਰ ਜਾਂ ਵਰਡ ਪ੍ਰੋਸੈਸਰ ਜਿਵੇਂ ਨੋਟਪੈਡ, ਵਰਡਪੈਡ ਆਦਿ ਦੀ ਵਰਤੋਂ ਨਾਲ ਬਣਾਏ ਜਾ ਸਕਦੇ ਹਨ। ਇੱਕ ਵੈਬਪੇਜ ਬਣਾਉਣ ਅਤੇ ਪ੍ਰਦਰਸ਼ਿਤ ਕਰਨ ਲਈ ਹੇਠ ਲਿਖੇ ਕਦਮ ਹਨ।

1. Start→All Programs→Accessories→Notepad ਤੇ ਕਲਿੱਕ ਕਰਕੇ ਜਾਂ Run ਵਿੰਡੋ ਵਿੱਚ Notepad ਟਾਈਪ ਕਰਕੇ ਨੋਟਪੈਡ ਨੂੰ ਖੋਲੋ। ਨੋਟਪੈਡ ਵਿੰਡੋ ਹੇਠ ਵਿਖਾਏ ਚਿੱਤਰ ਅਨੁਸਾਰ ਖੁੱਲੇਗੀ।




ਚਿੱਤਰ: 2.2